ਮਾਸਕ ੧ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਅੰਮ੍ਰਿਤਸਰ

ਕਾਨੜਾ ਮਹਲਾ ੫ (੧੨੯੯)

ਬਿਸਰਿ ਗਈ ਸਭ ਤਾਤਿ ਪਰਾਈ ॥ ਜਬ ਤੇ ਸਾਧ ਸੰਗਤਿ ਮੋਹਿ ਪਾਈ ॥
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥

## ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ

(ਪਾ: ੧੦)

"ਸੁਮੇਰ" ਚਿਤ੍ਰ

AUG 1988

ਅਗਸਤ ੧੯੮੮

www.AKJ.Org

# ਤ ਤ ਕ ਰਾ


| | | |
|---|---|---|
| ਗੁਰਮਤਿ ਨਾਮ ਦੇ ਚਮਤਕਾਰ | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| "ਸੁਣਿਐ" ਤੇ 'ਮੰਨੇ' ਦੀਆਂ ਪਉੜੀਆਂ ਦਾ ਟੀਕਾ ਤੇ ਟਿਪਣੀ (੨) | ੪ | ,, ,, ,, ,, |
| ਗੁਰਬਾਣੀ ਵੀਚਾਰ | ੧੪ | ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਸਰਕਲ |
| ਪੁਰਖੈ ਸੇਵਹਿ ਸੇ ਪੁਰਖ ਹੋਵਹਿ | ੧੫ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਗੁੰਮ ਹਨ ਲਾਲੀਆਂ (ਕਵਿਤਾ) | ੧੮ | ਸ: ਅਤਰ ਸਿੰਘ ਜੀ ਨੀਰ |
| ਖ਼ਾਲਸੇ ਦੀ ਕਿਰਪਾਨ ਨੂੰ ਵੰਗਾਰ | ੧੯ | ਕੈਪਟਿਨ ਸਵਰਨ ਸਿੰਘ ਜੀ |
| ਖੂਬੁ ਤੇਰੀ ਪਗਰੀ | ੨੨ | ਪ੍ਰੋਫੈਸਰ ਹਰਨਾਮ ਸਿੰਘ ਜੀ |
| ਪਤਿ ਵਿਣੁ ਪੂਜਾ, ਸਤ ਵਿਣੁ ਸੰਜਮੁ, ਜਤ ਵਿਣੁ ਕਾਹੇ ਜਨੇਊ ? | ੨੫ | ਡਾਕਟਰ ਤਾਰਨ ਸਿੰਘ ਜੀ |
| ਸਿਖ ਇਤਿਹਾਸ ਦੇ ਪੰਜ ਪੰਨੇ (ਸਯਦ ਮੁਹੰਮਦ ਲਤੀਫ਼) | ੨੭ | ਉਲਥਾਕਾਰ ਪ੍ਰਿੰ: ਨਾਹਰ ਸਿੰਘ ਜੀ |
| ਸ੍ਰੀ ਹਰਿਮੰਦਰ ਸਾਹਿਬ ਤੇ ਪੰਥਕ ਕਬਜ਼ਾ | ੩੧ | ਸ: ਨਰੈਣ ਸਿੰਘ ਜੀ ਐਮ. ਏ. |
| ਪਰਾ ਪੂਰਬਲਾ ਸਤਿਨਾਮ | ੩੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਲਲਤੋਂ ਨਿਵਾਸੀ ਭਾਈ ਨਿਰਭੈ ਸਿੰਘ ਜੀ | ੩੫ | ,, ,, ,, ,, |
| ਸਿਖਾਂ ਹਥੋਂ ਸਿਖਾਂ ਦਾ ਕਤਲ | ੩੭ | ਜਥੇਦਾਰ ਅਖੰਡ ਕੀਰਤਨੀ ਜਥਾ |
| ਗੁਰੂ ਨਾਨਕ ਦਾ ਫ਼ਲਸਫ਼ਾ—ਬਲਿਹਾਰੀ ਕੁਦਰਤਿ ਵਸਿਆ (ਕਵਿਤਾਵਾਂ) | ੩੮ | ਸ: ਅਤਰ ਸਿੰਘ ਜੀ ਨੀਰ |
| ਸਿੱਖੀ ਦਾ ਬੂਟਾ (ਕਵਿਤਾ) | ੩੯ | ਗਿ: ਗੋਪਾਲ ਸਿੰਘ ਜੀ ਮਿੱਤਰ |


ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਅਵਤਾਰ ਗੁਰਪੁਰਬ ੬ ਅਗਸਤ

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਗੁਰਦਵਾਰਾ ਸਾਹਿਬ ਲਾਚੀਨ (ਕੈਨੇਡਾ) | ਸੂਰਾ ਦੀ ਚੜ੍ਹਦੀ ਕਲਾ ਲਈ | ੪੨-੦੦ |
| ਸ: ਮਾਲਿਕ ਸਿੰਘ ਟੁਟੇਜਾ, ਬਸਨਾ | ਪਤਨੀ (ਬੁਧਵੰਤੀ) ਦੀ ਆਤਮਕ ਸ਼ਾਂਤੀ ਲਈ | ੨੫੦-੦੦ |
| ਸ: ਜਸਮੇਰ ਸਿੰਘ ਰਾਏ, ਬਿਰਮਿੰਘਮ ਯੂ.ਕੇ. | ਸੂਰਾ ਦੀ ਚੜ੍ਹਦੀ ਕਲਾ ਲਈ | ੨੬-੫੦ |
| ਸ: ਸੋਹਨ ਸਿੰਘ, ਕਵੇਂਟਰੀ ਯੂ.ਕੇ. | ,, ,, | ੪੬੬-੪੦ |
| ਬੀਬੀ ਮੁਹਿੰਦਰ ਕੌਰ, ਜੈਪੁਰ | ,, ,, | ੧੦੧-੦੦ |
| ਸ: ਹਰਪਾਲ ਸਿੰਘ ਧੀਰਜ, ਕਾਲਾਕੋਟ | ,, ,, | ੩੫-੦੦ |
| ਭਾ: ਗੁਰਨਾਮ ਸਿੰਘ, ਰੈਡਿੰਗ ਯੂ. ਕੇ. | ਸ੍ਰੀ ਅਖੰਡਪਾਠ ਸਮਾਗਮ ਸਮੇਂ ਚੜ੍ਹਾਵਾ ਤੇ ਹੋਰ | ੯੭੭-੬੦ |
| ਸ: ਭੁਪਿੰਦਰ ਸਿੰਘ ਨਵੀਂ ਦਿੱਲੀ | ਸੂਰਾ ਦੀ ਚੜ੍ਹਦੀ ਕਲਾ ਲਈ | ੧੦੦-੦੦ |
| ਸ: ਭਗਵਾਨ ਸਿੰਘ, ਲੁਧਿਆਣਾ | ਪੋਤਰੇ ਦੀਪਿੰਦਰ ਸਿੰਘ ਦੇ ਜਨਮ ਦਿਨ ਦੀ ਖੁਸ਼ੀ ਵਿਚ | ੨੫੧-੮੦ |
| ਸ: ਕੇਵਲ ਸਿੰਘ ਖ਼ਾਲਸਾ ਪਾਈਨੋਲਾ (ਯੂ. ਐਸ. ਏ.) | ਸੂਰਾ ਦੀ ਚੜ੍ਹਦੀ ਕਲਾ ਲਈ | ੨੪੬-੦੦ |

ਲਾਟ ਪ੍ਰਿੰਟਰਜ਼, ਬਜ਼ਾਰ ਬਾਬਾ ਭੋੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧-੮-੮੮ ਨੂੰ ਪ੍ਰਕਾਸ਼ਤ ਕੀਤਾ ।
ਟੈਲੀਫੋਨ ਨੰਬਰ : 51847 ਘਰ 43094

www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ — ਸ੍ਰੀ ਅੰਮ੍ਰਿਤਸਰ — ਪੱਤਰ

ਸਾਲਾਨਾ ਚੰਦਾ

| | |
|---|---|
| ਦੇਸ | ੧੫-੦੦ |
| ਇਕ ਪਰਚਾ | ੧-੫੦ |

ਪਰਦੇਸ (ਸਾਰੇ ਦੇਸ)
ਸਾਲਾਨਾ ਚੰਦਾ

| | |
|---|---|
| ਸਮੁੰਦਰੀ ਡਾਕ | ੪੦-੦੦ |
| ਹਵਾਈ ਡਾਕ | ੧੦੦-੦੦ |

Foreign Subscription

| | |
|---|---|
| Sea Mail | 40-00 |
| Air Mail | 100-00 |

ਅਮਾਨਤੀ
ਲਾਈਫ਼ ਮੈਂਬਰ

| | |
|---|---|
| ਦੇਸ | ੧੫੦-੦੦ |

ਪਰਦੇਸ (ਸਾਰੇ ਦੇਸ)

| | |
|---|---|
| ਸਮੁੰਦਰੀ ਡਾਕ | ੪੦੦-੦੦ |
| ਹਵਾਈ ਡਾਕ | ੧੦੦੦-੦੦ |

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੨ ਅਗਸਤ ੧੯੮੮ ਅੰਕ ੮


## ਗੁਰਮਤਿ ਨਾਮ ਦੇ ਚਮਤਕਾਰ

ਇਹ ਨਾਮ-ਅਮੋਲਕ ਹੀ ਹੈ ਜੋ ਨਾਮਿ ਦੀ ਪ੍ਰਾਪਤੀ ਕਰਵਾ ਸਕਦਾ ਹੈ, ਤੇ ਗੁਰਪ੍ਰਸਾਦੀ ਹੀ ਕਰਵਾ ਸਕਦਾ ਹੈ। ਭਾਵ, ਗੁਰਮਤਿ ਦੁਆਰਾ ਹੀ ਗੁਰਮਤਿ-ਨਾਮ ਪ੍ਰਾਪਤ ਹੁੰਦਾ ਹੈ। ਨਾਮ ਪ੍ਰਾਪਤ ਕੀਤਿਆਂ ਹੀ ਹਉਮੈ ਦੀ ਨਵਿਰਤੀ ਹੁੰਦੀ ਹੈ। ਹਉਮੈ ਦੀ ਨਵਿਰਤੀ ਬਿਨਾਂ ਬਜਰ ਕਪਾਟ ਖੁਲ੍ਹਦੇ ਹੀ ਨਹੀਂ।

ਗੁਰਮਤਿ ਅੰਦਰ (ਗੁਰੂ ਘਰ ਵਿਖੇ) ਇਹ ਵਿਲੱਖਣਤਾ-ਮਈ ਵਾਧਾ ਹੈ, ਜੁ ਸ੍ਰੀ ਗੁਰੂ ਦਸਮੇਸ਼ ਸਮੇਂ ਤੋਂ ਹੀ ਚਲਿਆ ਆਉਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ, ਗੁਰੂ ਸਰੂਪ ਨਾਮ-ਅਭਿਆਸੀ ਪੰਜਾਂ ਪਿਆਰਿਆਂ ਦੁਆਰਾ ਹੀ ਸੱਚਾ ਗੁਰ-ਦੀਖਿਆ-ਮਈ ਸ਼ਬਦ ਮਿਲਦਾ ਹੈ। ਇਹ ਸ਼ਬਦ-ਉਪਦੇਸ਼ ਹੀ ਹੁੰਦਾ ਹੈ, ਗੁਰ-ਦ ਖਿਆ ਕੀ ਹੁੰਦੀ ਹੈ, ਨਿਰੀ ਨਾਮ-ਅਭਿਆਸ ਦੀ ਥਰਰਾਟ ਅੰਤਰ-ਆਤਮੇ ਚਲ ਪੈਂਦੀ ਹੈ। ਇਸ ਗੁਰ-ਸ਼ਬਦ-ਦੀਖਿਆ ਮਿਲੇ ਬਿਨਾਂ ਨਾਮ-ਅਭਿਆਸ ਦੀ ਨਿਰਗੁਣੀ ਥਰਰਾਟ ਅੰਤਰ-ਆਤਮੇ ਉਪਜਦੀ ਹੀ ਨਹੀਂ, ਨਾਮ-ਅਭਿਆਸ ਦਾ ਤੋਰਾ ਤੁਰਦਾ ਹੀ ਨਹੀਂ। ਜਿਨ੍ਹਾਂ 'ਤੇ ਗੁਰੂ ਦੀ ਖਾਸ ਕਿਰਪਾ-ਕਟਾਖਸ਼ ਹੁੰਦੀ ਹੈ ਤਿਨ੍ਹਾਂ ਦੇ ਅੰਦਰ ਹੀ ਉਪਰ ਦਸੀ ਬਿਉਂਤ ਅਨੁਸਾਰ ਨਾਮ ਵਸਦਾ ਧਸਦਾ ਤੇ ਰਸਦਾ ਹੈ।

[ਭਾ: ਸਾ: ਰਣਧੀਰ ਸਿੰਘ ਜੀ ਲਿਖਤ "ਗੁਰਮਤਿ ਗੌਰਵਤਾ" ਪੁਸਤਕ ਵਿਚੋਂ




www.AKJ.Org

# 'ਸੁਣਿਐ' ਤੇ 'ਮੰਨੇ' ਦੀਆਂ ਪਉੜੀਆਂ ਦਾ ਟੀਕਾ ਤੇ ਟਿਪਣੀ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

(ਲੜੀ ਜੋੜਨ ਲਈ ਵੇਖੋ 'ਸੂਰਾ' ਜੁਲਾਈ ੯੮)

ਗੁਰਬਾਣੀ ਪੀਉ ਦਾਦੇ ਦਾ ਸਾਂਝਾ ਵਿਰਸਾ ਹੈ। ਇਸ ਨੂੰ ਸਮਝਣ ਸਮਝਾਣ ਦਾ ਹਰ ਗੁਰਸਿਖ ਨੂੰ ਹੱਕ ਹੈ। ਪਰ ਵੇਖਣ ਵਿਚ ਆਇਆ ਹੈ ਕਿ ਕੁਝ ਬੁਧੀਜੀਵੀਏ ਗੁਰਬਾਣੀ ਨੂੰ ਕੇਵਲ ਬੁਧੀ ਦੇ ਤਲ ਤੇ ਸਮਝਣ ਦਾ ਜਤਨ ਕਰਦੇ ਹਨ ਤੇ ਫਿਰ ਆਪਣੀ ਚਤੁਰਤਾ ਦੇ ਬਲ ਬੋਤੇ, ਗੁਰਬਾਣੀ ਦੇ ਨਾਲ ਹੋਰ ਹੋਰ ਬਾਣੀਆਂ ਦੇ ਪ੍ਰਮਾਣ ਦੇ ਦਿਵਾ ਕੇ ਅਗੋਂ ਸਮਝਾਣ ਦਾ ਜਤਨ ਕਰਦੇ ਹਨ। ਸਿਟੇ ਵਜੋਂ ਨਾ ਸਮਝਾਣ ਵਾਲੇ ਦਾ ਜਤਨ ਸਫਲ ਹੁੰਦਾ ਹੈ ਅਤੇ ਨਾ ਅਗੋਂ ਸਮਝਣ ਵਾਲੇ ਦੇ ਪਿੜ ਪਲੇ ਹੀ ਕੁਝ ਪੈਂਦਾ ਹੈ। ਸਗੋਂ ਕਈ ਵਾਰੀ ਸਾਧਕ ਦੇ ਮਨ ਵਿਚ ਕੁਝ ਗਲਤ ਗੰਢਾਂ ਬਝ ਜਾਂਦੀਆਂ ਹਨ. ਜੋ ਉਸ ਨੂੰ ਅਧਿਆਤਮਿਕ ਮਾਰਗ ਤੇ ਚਲਦਿਆਂ ਕਈ ਵਾਰੀ ਰੁਕਾਵਟ ਦਾ ਕਾਰਨ ਬਣ ਜਾਂਦੀਆਂ ਹਨ।

ਗੁਰਬਾਣੀ ਅਨਭਉ ਪ੍ਰਕਾਸ਼ ਹੈ ਤੇ ਇਸ ਦੀ ਠੀਕ ਸੋਝੀ ਸੁਰਤ ਨੂੰ ਸ਼ਬਦ ਵਿਚ ਜੋੜਿਆਂ ਅਨਭਵ ਦੇ ਤਲ ਉਤੇ ਹੀ ਸੰਭਵ ਹੈ। ਗੁਰਬਾਣੀ ਨੂੰ ਮਨ ਬਚਨ ਕਰਮ ਕਰਕੇ ਗੁਰੂ ਮੰਨਣ ਅਤੇ ਗੁਰੂ ਧਾਰਨ ਕੀਤੇ ਮਗਰੋਂ ਹੀ, ਇਸ ਦੀ ਸੋਝੀ ਹੋ ਸਕਦੀ ਹੈ। ਉਸ ਦਾ ਮੁਢਲਾ ਤੇ ਪ੍ਰਮੁਖ ਸਾਧਨ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਪੂਰਨ ਜੋਤ-ਜਗੰਨੇ ਪੰਜ ਪਿਆਰਿਆਂ ਤੋਂ ਨਾਮ-ਅੰਮ੍ਰਿਤ ਦੀ ਪ੍ਰਾਪਤੀ ਕਰ ਕੇ ਗੁਰ-ਚਰਨੀ ਲਗਿਆ ਜਾਏ।

—ਸੰਪਾਦਕ

(੩) ਨਾਮ ਦਾ ਸੁਣਨਾ–

ਜਿਸ ਨਾਮ ਦੀ ਰਸ-ਜੋਤਿ-ਵਿਗਾਸੀ ਅਨਹਦ ਧੁਨੀ ਨੂੰ, ਗੁਰਮਤਿ ਗਿਆਨ ਨੂੰ ਨਾਮ ਦੀਆਂ ਅਤੁਟ ਅਭਿਆਸ ਕਮਾਈਆਂ ਕਰਕੇ ਸੁਣਨਾ ਹੈ, ਉਸ ਨੂੰ ਉਹ ਐਵੇਂ ਆਨਮਤ ਕੁਫਕੜੀ ਗੱਲਾਂ ਬਾਤਾਂ ਨਾਲ ਹੀ ਸੁਣਦਾ ਦਸਦੇ ਹਨ। "ਸੁਣਿਐ" ਦੀਆਂ ਪਉੜੀਆਂ ਦੇ ਟੀਕਾ ਕਰਨ ਤੋਂ ਪਹਿਲਾਂ ਜੋ ਕੁਛ ਉਹਨਾਂ ਨਾਮ ਦੇ ਸੁਣਨ ਬਾਬਤ ਦੀਬਾਚੇ ਵਿਚ ਲਿਖਿਆ ਹੈ, ਉਹ ਆਪਣੇ ਏਸੇ ਮਨ-ਮੰਨੇ ਸਿਧਾਂਤ ਨੂੰ ਸਿਧ ਕਰਨ ਲਈ ਹੀ ਲਿਖਿਆ ਹੈ ਕਿ ਨਾਮ ਦਸੰਮ ਦੁਆਰ ਵਿਚ ਜਾ ਕੇ ਹੀ ਸੁਣਦਾ ਹੈ। ਇਸ ਅਵਸਥਾ ਪ੍ਰਾਪਤ ਹੋਈ ਤੋਂ ਪਹਿਲਾਂ ਨਾਮ ਦਾ ਸੁਣਨਾ ਕੋਈ ਚੀਜ਼ ਨਹੀਂ। ਟੀਕਾਕਾਰ ਦਾ ਇਹ ਸਿਧਾਂਤ ਗੁਰਮਤਿ ਸਿਧਾਂਤ ਤੋਂ ਉਲਟ ਹੈ। ਕੈਸੇ ਮੁਗ਼ਾਲਤੇ ਵਾਲੀ ਗੱਲ ਹੈ ਕਿ ਜਿਸ ਨਾਮ ਨੂੰ ਗੁਰਮਤਿ, ਕੇਵਲ ਗੁਰਮਤਿ ਹੀ ਪ੍ਰਤਿਪਾਦਨ ਕਰਾ ਸਕਦੀ ਹੈ, ਉਸ ਨਾਮ ਨੂੰ ਟੀਕਾਕਾਰ ਦੇ ਖ਼ਿਆਲ ਵਿਚ ਅਨਮਤੀ ਵਿਚਾਰ ਅਤੇ ਉਸ ਦੇ ਮਨ-ਪੜ੍ਹੀ ਆਨਮਤੀ ਮੈਡੀਟੇਸ਼ਨ ਦਾ ਅਭਿਆਸ ਹੀ ਦਸਮ ਦੁਆਰ ਵਿਖੇ ਦਰਸਾ ਸਕਦਾ ਹੈ।

ਪ੍ਰਤੀਤ ਹੁੰਦਾ ਹੈ ਕਿ ਟੀਕਾਕਾਰ ਜੀ ਨੂੰ ਗੁਰਮਤਿ ਨਾਮ ਅਤੇ ਨਾਮ ਦੇ ਅਭਿਆਸ ਉਤੇ ਭਰੋਸਾ ਹੀ ਨਹੀਂ, ਉਨ੍ਹਾਂ ਦੀ ਦ੍ਰਿੜ੍ਹਤਾ ਤਾਂ ਕੀ ਹੋਣੀ ਸੀ? ਨਾ ਹੀ ਉਨ੍ਹਾਂ ਨੇ ਅਨਮਤੀ ਯੋਗ ਸਾਧਨ ਆਦਿਕ ਮੈਡੀਟੇਸ਼ਨ ਹੀ ਸਾਧੇ ਹਨ। ਐਵੇਂ ਸੁਣੀਆਂ ਸੁਣਾਈਆਂ ਗੱਲਾਂ ਕਰ ਕਰ ਆਪਣਾ ਅਤੇ ਦੂਜਿਆਂ ਦਾ ਚਿਤ ਪਰਚਾਉਂਦੇ ਹਨ ਅਤੇ ਆਪਣੇ ਮਨ-ਉਕਤ ਨਿਰਾਲੇ ਮੈਡੀਟੇਸ਼ਨ ਯੋਗ ਦੇ ਮਸਲੇ ਦੀ ਚਮੇੜ ਗੁਰਮਤਿ ਸਿਧਾਂਤ ਨਾਲ ਭੀ ਚਮੇੜਦੇ ਹਨ। ਨਾਮ ਸੁਣਨ ਲਈ ਟੀਕਾਕਾਰ ਜੀ ਦੇ ਖ਼ਿਆਲ ਅਨੁਸਾਰ ਹਰ ਜਗਿਆਸੂ ਨੂੰ ਟੀਕਾਕਾਰ ਦੇ ਦਰਸਾਏ ਨਵੀਨ ਮੁਰਾਕਬੇ ਵਿਚ ਜਾਣ ਦੀ ਅਵੱਸ਼ ਲੋੜ ਹੈ।

'ਸੁਣਿਐ' ਦੀ ਪਹਿਲੀ ਪਉੜੀ ਅਰਥਾਤ ਜਪੁਜੀ ਸਾਹਿਬ ਦੀ ਅਠਵੀਂ ਪਉੜੀ ਦਾ ਟੀਕਾ ਕਰਦੇ ਹੋਏ ਟੀਕਾਕਾਰ ਜੀ ਐਉਂ ਲਿਖਦੇ ਹਨ : "ਗੁਰੂ ਜੀ ਕਹਿੰਦੇ ਹਨ ਕਿ ਹਠ ਯੋਗ ਕਰਕੇ ਲੋਕੀ ਸਿਧ ਬਣਦੇ ਹਨ, ਪੀਰ ਸਦਾਉਂਦੇ ਹਨ, ਦੇਵਤੇ ਤੇ ਨਾਥ ਆਪਣਾ ਨਾਮ ਰਖਦੇ ਹਨ। ਨਾਮ ਦੇ ਸੁਣਨ ਕਰਕੇ ਇਹ ਆਤਮਕ ਪਦਵੀਆਂ



www.AKJ.Org

ਸਹਿਜੇ ਹੀ ਮਿਲ ਜਾਂਦੀਆਂ ਹਨ।" ਪਰ ਟੀਕਾਕਾਰ ਜੀ ਜ਼ਰਾ ਕਿਰਪਾ ਕਰਕੇ ਦਸਣ ਕਿ ਨਾਮ ਸੁਣਨ ਲਈ ਕਿਹੜਾ ਯੋਗ ਕਮਾਉਣ ਓਹਨਾਂ ਨੇ ਦਸਿਆ ਹੈ, ਓਸ ਜੋਗ ਦਾ ਨਾਉਂ ਕੀ ਰਖਿਆ ਜਾਏ ਯਾ ਕੀ ਰਖਿਆ ਹੋਇਆ ਉਨ੍ਹਾਂ ਵਲੋਂ ਸਮਝਿਆ ਜਾਵੇ, ਉਹ ਉਸ ਜੋਗ ਨੂੰ ਕਿਹੜਾ ਜੋਗ ਦਸਣਗੇ ਕਿ ਜਿਸ ਦੇ ਕਮਾਵਨ ਕਰਕੇ ਉਹ 'ਸੁਣਿਐ' ਦੀਆਂ ਪਉੜੀਆਂ ਦੇ ਟੀਕੇ ਦੇ ਮੁਖ ਬੰਧ ਵਿਚ, ਨਾਮ ਦਾ ਸੁਣ ਸਕਣਾ, ਦਸਵੇਂ ਦੁਆਰ ਵਿਚ ਸੁਣ ਸਕਣਾ ਉਨ੍ਹਾਂ ਸੰਭਵ ਜਾਣਿਆ ? ਲੋਕੀ ਸਿਧ ਬਣਨ ਲਈ, ਪੀਰ ਸਦਾਵਣ ਲਈ, ਦੇਵਤੇ ਤੇ ਨਾਥ ਆਪਣਾ ਨਾਮ ਰਖਣ ਲਈ, ਜਿਹੜਾ ਯੋਗ ਕਮਾਉਂਦੇ ਹਨ, ਉਸਦਾ ਨਾਉਂ ਤੇ ਹੋਇਆ ਟੀਕਾਕਾਰ ਦੇ ਦਸਣ ਮੂਜਬ 'ਹਠ ਜੋਗ'। ਪਰ ਜਿਹੜਾ ਜੋਗ ਕਮਾਉਣਾ ਨਾਮ ਦੇ ਸੁਣਨ ਲਈ ਨਿਰੂਪਣ ਕਰਾਇਆ ਹੈ, ਉਸ ਜੋਗ ਨੂੰ ਉਹ ਕੀ ਨਾਮ ਦੇਣਗੇ ? ਕੀ ਇਹ ਉਨ੍ਹਾਂ ਦਾ ਦਸਿਆ ਜੋਗ ਲੋਕਾਂ ਦੇ ਉਸ ਹਠ-ਜੋਗ ਤੋਂ ਨਿਰਾਲਾ ਯਾ ਸੁਖਾਲਾ ਹੈ ? ਜੇ ਨਿਰਾਲਾ ਤੇ ਸੁਖਾਲਾ ਹੈ ਤਾਂ ਉਹਨਾਂ ਨੂੰ ਇਸ ਆਪਣੇ ਨਿਰਾਲੇ ਸੁਖਾਲੇ ਜੋਗ ਨੂੰ ਲੁਕਾ ਕੇ ਰਖਣਾ ਨਹੀਂ ਪਏਗਾ, ਅਵੱਸ਼ ਇਸ ਦਾ ਵਿਸਥਾਰ ਸਹਿਤ ਨਿਰਨਾ ਕਰਨਾ ਪਵੇਗਾ। ਪਰ੍ ਉਨ੍ਹਾਂ ਨੇ ਏਸ ਸੰਬੰਧੀ ਕੋਈ ਰੋਸ਼ਨੀ ਨਹੀਂ ਪਾਈ।

ਇਸ ਅਠਵੀਂ ਪਉੜੀ ਦੀਆਂ ਪੰਗਤੀਆਂ ਦਾ ਟੀਕਾ ਕਰਦੇ ਹੋਏ ਇਉਂ ਲਿਖਦੇ ਹਨ : "ਨਾਮ ਅਜਿਹੀ ਸ਼ਕਤੀ ਵਾਲੀ ਚੀਜ਼ ਹੈ ਕਿ ਉਹਦੇ ਸੁਣਨ ਕਰਕੇ ਹੀ ਧਰਤੀ, ਓਹਦੇ ਧਾਰਨ ਵਾਲਾ ਧੌਲ ਅਰਥਾਤ ਆਸਰਾ, ਅਕਾਸ਼, ਦੀਪ, ਸਾਰੇ ਲੋਕ ਤੇ ਪਾਤਾਲ ਹਸਤੀ ਵਿਚ ਆਏ ਹਨ।" ਜੇ ਟੀਕਾਕਾਰ ਜੀ ਪਹਿਲੀ ਪੰਗਤੀ ਦੇ ਭੀ ਇਹੋ ਜਿਹੇ ਅਰਥ ਕਰ ਦਿੰਦੇ ਤਾਂ ਸਗੋਂ ਚੰਗਾ ਸੀ। ਤੇਹਾਂ ਪੰਗਤੀਆਂ ਦੇ ਅਰਥਾਂ ਦੀ ਇਕ ਅਵਸਥਾ ਤਾਂ ਹੋ ਜਾਂਦੀ ਤੇ ਸੁਖਾਲਾ ਹੀ ਅਰਥ ਬਣ ਜਾਦਾ, ਜਿਵੇਂ ਦੂਜੀ ਤੇ ਤੀਜੀ ਪੰਗਤੀ ਵਿਚ ਟੀਕਾਕਾਰ ਜੀ ਨੇ ਅਰਥ ਕੀਤੇ ਹਨ ਤਿਵੇਂ ਹੀ ਪਹਿਲੀ ਪੰਗਤੀ ਦੇ ਜੇ ਓਵੇਂ ਜਿਵੇਂ ਇਹ ਅਰਥ ਟੀਕਾਕਾਰ ਜੀ ਲਿਖ ਦਿੰਦੇ ਕਿ :

'ਨਾਮ ਅਜਿਹੀ ਸ਼ਕਤੀ ਵਾਲੀ ਚੀਜ਼ ਹੈ ਕਿ ਉਹਦੇ ਸੁਣਨ ਕਰਕੇ ਹੀ ਸਿਧ, ਪੀਰ, ਸੁਰ, ਨਾਥ ਹਸਤੀ ਵਿਚ ਆਏ ਹਨ।' ਵੇਖੋ ਕਿਹਾ ਸੁਖਾਲਾ ਅਰਥ ਹੋ ਜਾਂਦਾ, ਕਿਸੇ ਜੋਗ ਦੇ ਕਮਾਉਣ ਦੀ ਖਲਜਗਣ ਵਿਚ ਤਾਂ ਨ ਪੈਣਾ ਪੈਂਦਾ। ਪਰ ਹੁਣ ਇਸ ਦੂਜੀ ਤੇ ਤੀਜੀ ਪੰਗਤੀ ਦੇ ਟੀਕਾਕਾਰ ਦੇ ਕੀਤੇ ਅਰਥਾਂ ਨੇ ਇਕ ਹੋਰ ਗੁੰਝਲ ਪਾ ਦਿਤੀ। ਉਹ ਕੀ ? ਲਉ ਸੁਣੋ :

ਜੇ ਟੀਕਾਕਾਰ ਦੇ ਇਹੀ ਅਰਥ ਠੀਕ ਸਮਝੇ ਜਾਣ ਕਿ "ਨਾਮ ਅਜਿਹੀ ਸ਼ਕਤੀ ਵਾਲੀ ਚੀਜ਼ ਹੈ ਕਿ ਉਸਦੇ ਸੁਨਣ ਕਰਕੇ ਹੀ ਧਰਤੀ, ਧਵਲ, ਅਕਾਸ਼ ਅਤੇ ਦੀਪ, ਲੋਅ, ਪਾਤਾਲ ਹਸਤੀ ਵਿਚ ਆਏ ਹਨ" ਤਾਂ ਪਤਾ ਨਹੀਂ ਲਗਦਾ ਕਿ ਨਾਮ ਦਾ ਸੁਣਨਹਾਰਾ ਕਉਣ ਹੈ ? ਨਾਮ ਦੀ ਸ਼ਕਤੀ ਦਾ ਸ਼ਕਤੀਸ਼ਰ ਨਾਮੀ ਅਕਾਲ ਪੁਰਖ, ਯਾ ਕਿ ਧਰਤੀ ਆਕਾਸ਼ ਆਦਿਕ ਹਸਤੀ ਵਿਚ ਆਈਆਂ ਹੋਈਆਂ ਹਸਤੀਆਂ ? ਪਰ ਇਹ ਹਸਤੀਆਂ ਤਾਂ ਹਸਤੀ ਵਿਚ ਆਈਆਂ ਹੀ ਨਾਮ ਦੇ ਸੁਣਨ ਕਰਕੇ ਹਨ। ਜਦੋਂ ਇਹ ਹਸਤੀ ਵਿਚ ਆਈਆਂ ਨਹੀਂ ਸਨ ਤਾਂ ਇਹ ਨਾਮ ਸੁਣਿਆ ਕਿਸ ਨੇ ? ਜੇ ਹਸਤੀ ਵਿਚ ਆ ਕੇ ਸੁਣਿਆ ਤਾਂ ਨਾਮ ਸੁਣ ਕੇ ਹਸਤੀ ਵਿਚ ਆਉਣ ਦੇ ਅਰਥ ਹੀ ਕੁਛ ਨਹੀਂ ਬਣਦੇ। ਹਸਤੀ ਤਾਂ ਉਹਨਾਂ ਦੀ ਪਹਿਲਾਂ ਹੀ ਬਣੀ ਬਣਾਤੀ ਸੀ, ਜੇ ਹਸਤੀ ਨਾ ਹੁੰਦੀ ਤਾਂ ਨਾਮ ਸੁਣਦਾ ਕਉਣ ? ਜਦ ਕਿਸੇ ਹਸਤੀ ਦੀ ਹੋਂਦ ਨਾਮ ਸੁਣੇ ਬਾਝੋਂ ਬਣਦੀ ਹੀ ਨਹੀਂ ਤਾਂ ਐਵੇਂ ਉਸ ਦਾ ਹਸਤੀ ਵਿਚ ਆਵਣਾ ਹੀ ਨਹੀਂ ਬਣਦਾ। ਜੇ ਉਹਨਾਂ ਦੀ ਹਸਤੀ ਨਾਮ ਸੁਣੇ ਬਿਹੂਣ ਹੀ ਬਣੀ ਬਣਾਤੀ ਸਮਝ ਲਈਏ ਤਾਂ ਫੇਰ ਟੀਕਾਕਾਰ ਦਾ ਇਹ ਅਰਥ ਲਾਉਣਾ ਕਿਸ ਅਰਥ ? ਕਿ : 'ਉਕਤ ਹਸਤੀਆਂ ਨਾਮ ਸੁਣ ਕੇ ਹੀ ਹਸਤੀ ਵਿਚ ਆਈਆਂ'। ਹਾਂ ! ਏਹ ਹੋ ਸਕਦਾ ਹੈ ਕਿ ਦੋਬਾਰਾ ਏਹ ਹਸਤੀਆਂ ਹਸਤੀ ਵਿਚ ਆਈਆਂ ਹੋਵਣ, ਪਰੰਤੂ "ਕੀਤਾ ਪਸਾਉ ਏਕੋ ਕਵਾਉ" ਅਤੇ "ਜੋ ਕਿਛੁ ਪਾਇਆ ਸੁ ਏਕਾ ਵਾਰ" ਦੇ ਗੁਰਵਾਕ ਟੀਕਾਕਾਰ ਦੇ ਆਪਣੇ ਅਰਥਾਂ ਵਿਚ ਇਹਨਾਂ ਉਪਰਲੀਆਂ ਹਸਤੀਆਂ ਦੇ ਦੋਬਾਰਾ ਹਸਤੀ ਵਿਚ ਆਉਣ ਵਾਲੀ ਗੱਲ ਦਾ ਖੰਡਨ ਕਰਦੇ ਹਨ।

ਜੇਕਰ ਇਸ ਨਾਮ ਯਾ ਨਾਮ ਦੀ ਧੁਨੀ ਨੂੰ ਸੁਣਨਹਾਰਾ ਨਾਮ ਦਾ ਸ਼ਕਤੀਸ਼ਰ ਸਰਬ ਸ਼ਕਤੀਮਾਨ ਅਕਾਲ-


www.AKJ.Org

ਪੁਰਖ ਹੀ ਸਮਝਿਆ ਜਾਵੇ ਤਾਂ ਇਹ ਗੱਲ ਵੀ ਅਣਬਣੀ ਜਿਹੀ ਹੈ। ਕਿਉਂਕਿ :

"ਓਅੰਕਾਰ ਉਤਪਾਤੀ ॥......
ਖੰਡ ਦੀਪ ਸਭਿ ਲੋਆ ॥ ਏਕ ਕਵਾਵੈ ਤੇ ਸਭਿ ਹੋਆ ॥"*
"ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥"†

ਵਾਲੇ ਗੁਰਵਾਕ ਦਸਦੇ ਹਨ ਕਿ ਸਭ ਕਾਇਨਾਤ ਦੀ ਰਚਨਾ ਏਕ ਕਵਾਵੇ (ਵਾਕ ਵਚਨ) ਤੋਂ ਹੋਈ ਹੈ, ਨਾ ਕਿ ਨਾਮ ਦੇ ਸੁਣਾਵੇ ਤੋਂ । ਅਤੇ "ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ"‡ ਵਾਲਾ ਗੁਰਵਾਕ ਭੀ ਦਸਦਾ ਹੈ ਕਿ ਨਾਮ ਦੀ ਰਚਨਾ ਦਾ ਰਚਨਹਾਰਾ ਭੀ ਉਹੀ ਅਕਾਲ ਪੁਰਖ ਹੈ, ਤਾਂ ਤੇ 'ਨਾਮ ਨੂੰ ਸੁਣ ਕੇ ਧਰਤੀ, ਧਵਲ, ਅਕਾਸ਼ ਦੀ ਰਚਨਾ ਅਕਾਲ ਪੁਰਖ ਨੇ ਹੀ ਕੀਤੀ' ਅਰਥ ਹੀ ਅਣਬਣੇ ਹਨ। ਰਚਨਾ ਸਾਰੀ ਤਾਂ (ਸਣੇ ਨਾਮ ਦੀ ਰਚਨਾ ਦੇ) ਏਕੋ ਕਵਾਵੇ (ਵਾਕ, ਬਚਨ) ਨਾਲ ਇਕ ਵਾਰ ਹੀ ਰਚ ਦਿਤੀ। ਰਚੇ ਹੋਏ ਨਾਮ ਨੂੰ ਸੁਣ ਕੇ ਰਚਨਹਾਰ ਦਾ ਰਚਨਾ ਨੂੰ ਰਚਣਾ ਉੱਕਾ ਹੀ ਅੰਨਥਾ ਹੈ । ਤਾਂ ਤੇ ਨਾਮ ਦੇ ਸੁਣਨਹਾਰ ਗੁਰਸਿਖ ਜਗਿਆਸੀ ਅਤੇ ਗੁਰਮਤਿ ਨਾਮ ਕਮਾਈਆਂ ਵਾਲੇ ਅਭਿਆਸੀ ਜਨ ਹੀ ਹਨ, ਜੋ ਇਸ ਨਾਮ ਦੇ ਸੁਣਨੇ ਨੂੰ ਕਿਸੇ ਮਨਮਤੀ ਯਾ ਅਨਮਤੀ ਮੈਡੀਟੇਸ਼ਨ ਦੀ ਬਣਾਤੀ ਵਿਉਂਤ ਅਨੁਸਾਰ ਕਿਸੇ ਇਮੈਜਨਰੀ (imaginary) ਕਿਆਸ ਕੁਰਏ ਵਿਚ ਫ਼ਰਜ਼ੀ ਤੌਰ ਪਰ ਪਹੁੰਚ ਕੇ ਨਹੀਂ ਸੁਣਦੇ, ਬਲਕਿ ਵਾਸਤਵ ਵਿਚ ਜਿਉਣੀ ਜਾਗਣੀ ਜਾਗ੍ਰਤੀ, ਸਾਵਧਾਨਤਾ ਵਿਚ ਧੁਰੋਂ ਆਏ ਪਠਾਏ ਸਚੇ ਸਤਿਗੁਰੂ ਗੁਰਦੇਵ ਦੇ ਦੁਆਰਿਓਂ ਬਿਸਮ ਸ੍ਰਵਣਾਈ ਅਤੇ ਬਿਸਮ ਗੁੰਜਾਈ ਗੁੰਜਾਰ ਵਿਚ ਆਪਣੇ ਸੋਭਨੀਕ ਸੁਭਾਗੇ ਸ੍ਰਵਣਾਂ ਦੁਆਰਾ ਸਾਂਗੋਂ ਪਾਂਗ ਸੁਣਦੇ ਹਨ ਅਤੇ ਸੁਣ ਸੁਣ ਕੇ ਆਪਣੇ ਗੁਰਦੇਵ ਗੁਰੂ ਸਤਿਗੁਰੂ ਤੋਂ ਵਾਰਨੇ ਬਲਿਹਾਰਨੇ ਜਾਂਦੇ ਹਨ ਅਤੇ ਆਂਹਦੇ ਹਨ :

ਨਮਸਕਾਰ ਗੁਰਦੇਵ ਕੋ ਸਤਿਨਾਮ ਜਿਸ ਮੰਤ੍ਰ ਸੁਣਾਇਆ ॥
ਭਵਜਲ ਵਿਚੋਂ ਕਢ ਕੇ ਮੁਕਤਿ ਪਦਾਰਥ ਮਾਹਿ ਸਮਾਇਆ ।੧। ਭਾ: ਗੁਰਦਾਸ ਜੀ

ਤਥਾ—ਗੁਰਮੁਖਿ ਜਨਮ ਸਕਾਰਥਾ ਗੁਰਸਿਖ ਮਿਲਿ ਗੁਰ ਸਰਣੀ ਆਇਆ ॥
ਆਦਿ ਪੁਰਖ ਆਦੇਸੁ ਕਰਿ ਸਫਲ ਮੂਰਤਿ ਗੁਰ ਦਰਸਨੁ ਪਾਇਆ ॥
ਪਰਦਖਣਾ ਡੰਡਉਤ ਕਰਿ ਮਸਤਕੁ ਚਰਣ ਕਮਲ ਗੁਰ ਲਾਇਆ ॥
ਸਤਿਗੁਰੁ ਪੁਰਖ ਦਇਆਲ ਹੋਇ ਵਾਹਿਗੁਰੂ ਸਚੁ ਮੰਤ੍ਰ ਸੁਣਾਇਆ ॥
ਸਚ ਰਾਸਿ ਰਹਰਾਸਿ ਦੇ ਪੈਰੀਂ ਪੈ ਜਗੁ ਪੈਰੀਂ ਪਾਇਆ ॥
ਕਾਮੁ ਕਰੋਧੁ ਵਿਰੋਧੁ ਹਰਿ ਲੋਭੁ ਮੋਹੁ ਅਹੰਕਾਰੁ ਤਜਾਇਆ ॥
ਸਤੁ ਸੰਤੋਖੁ ਦਇਆ ਧਰਮੁ ਨਾਮੁ ਦਾਨੁ ਇਸਨਾਨੁ ਦ੍ਰਿੜਾਇਆ ॥
ਗੁਰਸਿਖ ਲੈ ਗੁਰਸਿਖੁ ਸਦਾਇਆ ॥ ੩ ॥ ਭਾਈ ਗੁਰਦਾਸ ਜੀ, ਵਾਰ ੧੧, ਪਉੜੀ ੩

ਏਹ ਗੁਰਮੰਤ੍ਰ ਰੂਪੀ ਗੁਰ ਦੀਖਿਆ ਗੁਰਦੁਆਰਿਓਂ ਲੈ ਕੇ, ਸੁਣ ਕੇ ਹੀ ਜਗਿਆਸੂ ਜਨ ਗੁਰਸਿਖ ਸਦਾਉਂਦਾ ਹੈ। ਤਾਂ ਤੇ ਇਸ ਗੁਰਮਤਿ ਜੁਗਤਿ ਬਿਉਂਤ ਤੋਂ ਬਿਹੂਣੀ ਕਿਸੇ ਹੋਰ ਜੁਗਤਿ ਬਿਉਂਤ ਦੁਆਰਾ, ਐਵੇਂ ਕਿਆਸੀ ਨਾਮ ਸੁਣ ਕੇ ਗੁਰਸਿਖ ਨਹੀਂ ਬਣ ਸਕਦਾ।

ਪੁਨਾ : ਨਿਰੰਕਾਰ ਆਕਾਰੁ ਕਰਿ ਜੋਤਿ ਸਰੂਪ ਅਨੂਪ ਦਿਖਾਇਆ ॥
ਬੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦੁ ਸੁਣਾਇਆ ॥੧੨॥੧੭॥ ਭਾਈ ਗੁਰਦਾਸ ਜੀ
ਸਤਿ ਰੂਪ ਸਤਿ ਨਾਮੁ ਕਰਿ ਸਤਿਗੁਰ ਨਾਨਕ ਦੇਉ ਜਪਾਇਆ ॥
ਧਰਮਸਾਲ ਕਰਤਾਰਪੁਰੁ ਸਾਧ ਸੰਗਤਿ ਸਚਖੰਡ ਵਸਾਇਆ ॥
ਵਾਹਿਗੁਰੂ ਗੁਰ ਸਬਦੁ ਸੁਣਾਇਆ ॥ ਭਾ: ਗੁਰਦਾਸ ਜੀ, ਵਾਰ ੨੪, ਪਉੜੀ ੧੭

* ਮਾਰੂ ਮ: ੫, ਪੰਨਾ ੧੦੦੩ † ਜਪੁ ਜੀ ਸਾਹਿਬ (ਪਉੜੀ ੧੬) ‡ ਵਾਰ ਆਸਾ ਮ: ੧, ਪੰਨਾ ੪੬੩



www.AKJ.Org

ਗੁਰਸਿਖਾਂ ਨੇ ਤਾਂ ਸਬਦੁ ਮੰਤ੍ਰ ਰੂਪੀ ਨਾਮ, ਗੁਰੂ ਦੁਆਰੇ ਹੋਇ ਕੇ ਹੀ ਸੁਣਨਾ ਹੈ। ਇਸ ਨਾਮ ਨੂੰ ਸੁਣ ਕੇ ਕਈ ਵਡਭਾਗੀਆਂ ਦੀ ਤਾਂ ਸੁਣਦੇ ਸਾਰ ਹੀ ਪਰਮ ਪਦ ਨੂੰ ਪੁੱਜਣ ਵਾਲੀ ਗਤੀ ਤਤਕਾਲ ਹੀ ਹੋ ਜਾਂਦੀ ਹੈ ਅਤੇ ਓਹਨਾਂ ਦੇ ਰੋਮ ਰੋਮ ਵਿਚ ਨਾਮ ਰਚ ਜਾਂਦਾ ਹੈ, ਉਨ੍ਹਾਂ ਦੇ ਰੋਮ ਰੋਮ ਵਿਚੋਂ ਨਾਮ ਦੀਆਂ ਧੁਨੀਆਂ ਉਠਦੀਆਂ ਉਸ ਨੂੰ ਸੁਣਾਈ ਦਿੰਦੀਆਂ ਹਨ । ਗੁਰਮਤਿ ਪੂਰਨ ਜੁਗਤੀ ਅਨੁਸਾਰ ਗੁਰੂ ਦੁਆਰੇ ਹੋਇ ਕੇ ਦ੍ਰਿੜ੍ਹਾਇਆ ਹੋਇਆ ਨਾਮ ਪਹਿਲਾਂ ਸ੍ਰਵਣਾਂ ਦੁਆਰਾ ਹੀ ਅੰਦਰ ਉਤਰਦਾ ਹੈ ਅਤੇ ਉਤਰਦੇ ਸਾਰ ਰਸਨਾ ਉਤੇ ਚੜ੍ਹ ਜਾਂਦਾ ਹੈ, ਹੋਠਾਂ ਦੀ ਫੁੱਰਾਟ ਫੁਰਰਾ ਦਿੰਦਾ ਹੈ, ਸੁਆਸਾਂ ਦੀ ਸੁਰੱਰਾਟ ਸੁਰੱਰਾ ਦਿੰਦਾ ਹੈ ਅਤੇ ਸਰੀਰ ਦੇ ਰਗੋ ਰੇਸ਼ੇ ਦੀ ਥੱਰਾਟ ਥੱਰਰਾ ਦਿੰਦਾ ਹੈ; ਗਲੇ ਤਾਲੂ ਦੇ ਅੰਦਰ ਗੁੱਰਾਟ ਗੁੱਰਰਾ ਦਿੰਦਾ ਹੈ । ਇਸ ਬਿਧ ਸਰੋਤਾ ਸੁਤੇ ਸੁਭਾਵ ਅਤੇ ਸਹਜ ਸੁਖੈਨ ਹੀ ਨਾਮ ਕਮਾਈਆਂ ਕਰਨ ਵਿਚ ਜੁਟ ਜਾਂਦਾ ਹੈ। ਜਿਉਂ ਜਿਉਂ ਇਉਂ ਨਾਮ ਅਭਿਆਸੀ ਕਮਾਈ ਵਿਚ ਜੁਟਦਾ ਹੈ, ਤਿਉਂ ਤਿਉਂ ਉਸ ਦੇ ਅੰਦਰੋਂ ਨਾਮ ਦੀ ਸੁਣਾਈ (ਨਾਮ ਦਾ ਸੁਣਨਾ) ਹੋਰ ਵਧੇਰੇ ਵਧਦੀ ਜਾਂਦੀ ਹੈ ਅਤੇ ਨਾਮ ਕਮਾਈ ਦੀ ਵਧੋ ਵਧ ਕਮਾਈ ਦੇ ਨਾਲੋ ਨਾਲ ਹੀ ਨਾਮ ਦੀ ਸੁਣ-ਸੁਣਾਈ ਵਧਦੀ ਹੀ ਰਹਿੰਦੀ ਹੈ । ਨਾਮ-ਜਾਪ ਦੀ ਧੁਨੀ ਹੀ ਨਾਮ ਸੁਣਨ ਦਾ ਪੇਸ਼-ਖ਼ੇਮਾ ਹੈ। ਨਾਮ ਦਾ ਜਾਪ ਭਾਵੇਂ ਕਿਤਨੀ ਹੀ ਸੂਖਮ ਤੋਂ ਸੂਖਮ ਧੁਨੀ ਵਿਚ ਹੋਵੇ, ਇਸ ਧੁਨੀ ਦੇ ਸੰਗ ਸਾਥ ਹੀ ਸ੍ਰਵਣਾਂ ਦੀ ਸ੍ਰਵਣ-ਚੇਤਨਤਾ ਨਾਲੋ ਨਾਲ ਸ਼ਾਮਲ ਹੋ ਰਹਿੰਦੀ ਹੈ । ਨਾਮ ਅਭਿਆਸੀ ਨਾਮ ਨੂੰ ਜਪਦਾ ਹੀ ਨਹੀਂ, ਸਗੋਂ ਨਾਲੋ ਨਾਲ ਨਾਮ ਨੂੰ ਸੁਣਦਾ ਭੀ ਹੈ । ਆਪਣੇ ਜਾਪ ਨੂੰ ਆਪ ਸੁਣਦਾ ਹੈ, ਅਰਥਾਤ ਆਪਣੀ ਰਸਨਾ ਦੁਆਰਾ ਕੀਤਾ ਜਾਪ ਨਾਲੋ ਨਾਲ ਹੀ ਸੁਣਦਾ ਹੈ । ਸ਼ਬਦ ਦਾ ਬਕਤਾ ਸ਼ਬਦ ਦਾ ਸਰੋਤਾ ਭੀ ਹੈ, ਇਕੋ ਸਮੇਂ ਇਕੋ ਛਿਨ ਪਲ ਵਿਚ ਇਕੋ ਅਭਿਆਸੀ ਦੀ ਰਸਨਾ ਤੋਂ ਜਪਿਆ ਜਪਾਇਆ ਸੁਆਸਾਂ ਦੁਆਰਾ ਰਟਿਆ ਅਭਿਆਸ ਐਨ ਓਸੇ ਛਿਨ ਪਲ ਮਾਤਰੀ ਸਾਇਤ ਅੰਦਰ, ਓਸੇ ਜਪ ਜਾਪੀ ਤੇ ਓਸੇ ਸੁਆਸ ਅਭਿਆਸੀ ਦੇ ਸ੍ਰਵਣਾਂ ਵਿਚ ਭੀ ਪੈਂਦਾ ਰਹਿੰਦਾ ਹੈ । ਜਿਉਂ ਜਿਉਂ ਸ੍ਰਵਣਾਂ ਵਿਚ ਪੈਂਦਾ ਹੈ, ਤਿਉਂ ਤਿਉਂ ਉਹ ਜਾਪ ਅਭਿਆਸ ਦਾ ਹੋਰ ਆਨੰਦ ਹੁਲਾਸੀ ਅਹਿਸਾਸ ਮਾਣਦਾ ਹੈ । ਇਕੋ ਘਟ ਅੰਦਰ ਨਾਮ ਦੀ ਸ੍ਰਵਣ ਸਰੋਤ ਅਤੇ ਨਾਮ ਦਾ ਜਾਪ ਉਦੋਤ ਓਤ ਪੋਤ ਸੰਮਿਲਤ ਹੋ ਕੇ ਹਰ ਵਕਤ ਜਾਰੀ ਰਹਿੰਦਾ ਹੈ, ਹਤਾ ਕਿ ਸ੍ਰਵਣ ਮੰਨਣ ਨਿਧਿਆਸਨ ਇਕੋ ਅਜਪਾ ਜਾਪ ਧੁਨੀ ਅੰਦਰ ਘੁਲ ਮਿਲ ਘਿੱਚ ਅਤੇ ਸਹਿਜ ਸਰਿੱਚ ਹੋ ਜਾਂਦਾ ਹੈ। ਬਸ ! ਇਕ ਵਾਰ ਪੂਰੀ ਗੁਰਮਤਿ ਜੁਗਤਿ ਕਲਾ ਦੁਆਰਾ ਸ੍ਰਵਣਾਂ ਅੰਦਰ ਸੰਚਰਤ ਹੋਇਆ ਨਾਮ-ਜਾਪ ਅਭਿਆਸ ਕਲਾ ਵਿਖੇ ਅਜਿਹਾ ਅਰੂੜ ਹੋ ਜਾਂਦਾ ਹੈ ਕਿ ਮਹਿਜ਼ ਇਹ ਨਾਮ ਰੂਪ ਸ਼ਬਦ-ਧੁਨੀ ਵਾਲੀ ਰੂੜ੍ਹੀ ਬਾਣੀ ਗੂੜ੍ਹੇ ਆਤਮ ਰੰਗਾਂ ਵਿਚ ਰੰਗ ਦਿੰਦੀ ਹੈ ਅਤੇ ਏਹਨਾਂ ਰੰਗਾਂ ਵਿਚ ਰੱਤਿਆ ਅਭਿਆਸੀ ਏਦੂੰ ਭੀ ਹੋਰ ਦੂਣਾ ਚਉਣਾ ਤੇ ਦਹਿ ਗੁਣਾ ਨਾਮ ਅਭਿਆਸ ਕਮਾਈ ਕਰਨ ਵਿਚ ਤੱਤਪਰ ਹੋ ਜਾਂਦਾ ਹੈ ਅਤੇ ਇਸ ਨਾਮ ਚਵਣ, ਨਾਮ ਰਵਣ, ਨਾਮ ਸ੍ਰਵਣ ਦੀਆਂ ਆਤਮ-ਰੰਗੀ ਕਮਾਈਆਂ ਜੋ ਫਲ-ਰੰਗ ਖੇੜਦੀਆਂ ਹਨ, ਉਸਦਾ ਰੰਚਕ ਮਾਤਰ ਨਮੂਨਾ ਭਾਈ ਗੁਰਦਾਸ ਜੀ ਦੇ ਇਸ ਮਹਾਂ ਵਾਕ ਅੰਦਰ ਦਰਸਾਇਆ ਹੈ :

ਅਚਰਜ ਨੋ ਆਚਰਜੁ ਹੈ ਅਚਰਜੁ ਹੋਵੰਦਾ ॥ ਵਿਸਮਾਦੇ ਵਿਸਮਾਦੁ ਹੈ ਵਿਸਮਾਦੁ ਰਹੰਦਾ ॥
ਹੈਰਾਣੈ ਹੈਰਾਣੁ ਹੈ ਹੈਰਾਣੁ ਕਰੰਦਾ ॥ ਅਬਿਗਤਹੁ ਅਬਿਗਤੀ ਹੈ ਨਹਿ ਅਲਖੁ ਲਖੰਦਾ ॥
ਅਕਥਹੁ ਅਕਥ ਅਲੇਖ ਹੈ ਨਿਤ ਨੇਤਿ ਸੁਣੰਦਾ ॥
ਗੁਰਮੁਖ ਸੁਖ ਫਲ ਪਿਰਮ ਰਸ ਵਾਹੁ ਵਾਹੁ ਚਵੰਦਾ ॥੧੮॥ (੩੮)

ਵਾਹੁ ਵਾਹੁ ਚਵਣ ਦਾ, ਅਰਥਾਤ, ਇਕ ਵਾਰ ਗੁਰਮੰਤ੍ਰ ਨਾਮ ਸ੍ਰਵਣ ਸਰੋਤ ਰਾਹੀਂ ਅੰਦਰ ਉਤਰਿਆ ਗੁਰਮਤਿ ਨਾਮ, ਲੈਣ ਵਾਲੇ ਦੇ ਮੁਖੋਂ ਸਹਿਜ ਟੇਵ ਵਿਚ ਸਦਾ ਲਈ ਰਟਣ ਹੋਣ ਦਾ ਫਲ ਜੋ ਹੁੰਦਾ ਹੈ, ਉਸ ਦਾ ਸਿੱਟਾ ਉਪਰਲੇ ਮਹਾਂ ਵਾਕਾਂ ਅੰਦਰ ਦਰਸਾਇਆ ਗਿਆ ਹੈ। ਸਹਿਜ ਸਰੋਤੀ ਗੁਰਮਤਿ ਨਾਮ ਦੇ ਜਾਪ ਦਾ ਵਿਸਮਾਦ ਗਤ-ਅਨੰਦੀ-ਰੰਗ ਬਝਦਾ ਹੈ, ਓਹ ਮੈਡੀਟੇਸ਼ਨੀ ਗੁੰਮ ਸੁੰਮ ਦਾ ਸੁਣਿਆ ਆਹਤੀ ਅਨਾਹਤੀ ਫ਼ਰਜ਼ੀ ਨਾਮ ਭਲਾ ਕੀ ਰੰਗ ਜਮਾ ਸਕਦਾ ਹੈ ? ਕੁਝ ਭੀ ਨਹੀਂ। ਦਸਮ ਦੁਆਰ ਦੀ ਅਗੰਮੀ ਖੇਡ ਗੁਰਮਤਿ ਨਾਮ ਦੀ ਅਥਾਹ ਜਾਪ ਕਮਾਈ



www.AKJ.Org

ਤੋਂ ਹੀ ਅੰਕੁਰਦੀ ਹੈ। ਅਤੇ 'ਸੁਣਿਐ' 'ਮੰਨੇ' ਦੀਆਂ ਪਉੜੀਆਂ ਵਿਚ ਪ੍ਰਗਟਾਏ ਆਤਮ ਫਲ ਇਸ ਸ੍ਰਵਣ ਸਰੋਤੀ ਨਾਮ ਅਭਿਆਸ ਦੇ ਸਹਿਜ ਸੰਜੀਵਨੀ ਅੰਕੂਰ ਸਿੱਟੇ ਹਨ। ਸੋ 'ਸੁਣਿਐ' ਦੀ ਇਸ ਪਹਿਲੀ ਪਉੜੀ ਅੰਦਰ ਜੋ ਕੁਛ ਵਰਨਣ ਹੈ ਸੋ ਗੁਰਮੰਤ੍ਰ ਸੁਣ ਕੇ ਕਮਾਏ ਹੋਏ ਨਾਮ ਦੇ ਆਤਮ-ਪ੍ਰਭਾਵੀ ਫਲ ਪ੍ਰਮਾਰਥ ਹਨ।

"ਸੁਣਿਐ ਪੋਹਿ ਨ ਸਕੈ ਕਾਲੁ" ਵਾਲੀ ਪੰਗਤੀ ਵਿਚ ਟੀਕਾਕਾਰ ਜੀ ਥੋੜਾ ਥੋੜਾ ਗੁਰਮਤਿ ਸਿਧਾਂਤ ਦੇ ਨੇੜੇ ਨੇੜੇ ਆਉਂਦੇ ਹਨ, ਜਦੋਂ ਓਹ ਲਿਖਦੇ ਹਨ ਕਿ–"ਨਾਮ ਦੇ ਸੁਣਨ ਨਾਲ ਕਾਲ ਪੋਹ ਨਹੀਂ ਸਕਦਾ ਭਗਤ ਜਨ ਮੌਤ ਨਾਲ ਮਰਦੇ ਨਹੀਂ, ਪਿਆਰੇ ਵਿਚ ਜਾ ਸਮਾਉਂਦੇ ਹਨ ਅਤੇ ਸਦਾ ਦਾ ਜੀਵਨ ਹਾਸਲ ਕਰਦੇ ਹਨ।" ਪਰੰਤੂ ਘਾਟਾ ਇਹ ਹੈ ਕਿ ਟੀਕਾਕਾਰ ਜੀ ਦੇ ਨਿਕਟ ਭਗਤ ਜਨ ਤੋਂ ਭਾਵ ਜੋ ਹੈ, ਗੁਰਮਤਿ ਗੁਰਬਾਣੀ ਦੇ ਸਿਧਾਂਤੀ ਆਦਰਸ਼ ਵਾਲਾ ਨਹੀਂ। ਗੁਰਮਤਿ ਅਨੁਸਾਰ ਭਗਤ ਜਨ ਓਹ ਹੈ ਜੋ ਗੁਰਮੰਤ੍ਰ ਗੁਰੂ ਦੁਆਰਿਓਂ ਮਿਲਣ ਸਾਰ ਹੀ ਗੁਰਮਤਿ ਨਾਮ ਦੀ ਸ਼ਬਦ-ਸਰੋਤੀ-ਜਾਪ ਦੀ ਅਭਿਆਸ ਕਮਾਈ ਕਰਨੀ ਆਰੰਭ ਦਿੰਦਾ ਹੈ, ਉਸ ਦੀ ਗੁਰ-ਹੁਕਮਾਂ ਅਨੁਸਾਰ ਤਤਪਰ ਹੋ ਕੇ ਕੀਤੀ ਭਗਤ-ਕਮਾਈ ਅਵੱਸ਼ ਓਹ ਸਿਧਾਂਤ ਉਪਜਾਉਂਦੀ ਉਗਵਾਉਂਦੀ ਹੈ, ਜੋ ਇਸ ਪਉੜੀ ਅੰਦਰ ਵਿਦਤਾਏ ਗਏ ਹਨ। ਪ੍ਰੰਤੂ ਟੀਕਾਕਾਰ ਦੇ ਮਤ ਵਾਲੇ ਭਗਤ ਜਨ ਨੂੰ ਗੁਰਮਤਿ ਨਾਮ ਅਭਿਆਸ ਦੀਆਂ ਕਮਾਈਆਂ ਕਰਨ ਦੀ ਲੋੜ ਹੀ ਨਹੀਂ, ਨਾ ਹੀ ਗੁਰਦੀਖਿਆ ਗੁਰਮੰਤ੍ਰ ਲੈਣ ਦੀ ਲੋੜ ਹੈ, ਜੇ ਫ਼ੈਸ਼ਨ ਪੂਰਬਕ ਲੈ ਭੀ ਲਵੇ ਤਾਂ ਕਮਾਵੇ ਚਾਹੇ ਨਾ ਕਮਾਵੇ, ਉਸ ਨੂੰ ਤਾਂ ਭਗਤੀ ਫਲ ਉਥੇ ਜਾ ਕੇ ਮਿਲਦਾ ਹੈ ਜਦੋਂ ਓਹ ਉਕਤ ਯੁਕਤੀ ਮੈਡੀਟੇਸ਼ਨ ਕਰਕੇ ਕਿਸੇ ਕਿਆਸੀ ਨਾਮ ਧੁਨੀ ਨੂੰ ਸੁਣਨ ਲਗ ਗਿਆ ਅਤੇ ਓਦੋਂ ਤੋਂ ਹੀ ਓਹ ਭਗਤ ਸਦਾਏਗਾ ਜਦੋਂ ਉਸ ਨੂੰ ਉਪਰ ਕਿਆਸਿਆ ਭਗਤੀ ਫਲ ਫਲੂੰਧਰ ਪਿਆ। ਜੇ ਤਾਂ ਉਕਤ ਫੋਕੀ ਮੈਡੀਟੇਸ਼ਨੀ ਖਬਤ ਕਮਾਈ ਦੀਆਂ ਟੱਕਰਾਂ ਮਾਰ ਕੇ ਉਸ ਨੂੰ ਕੋਈ ਫ਼ਰਜ਼ੀ ਹੈਲੂਸੀਨੇਸ਼ਨ (ਭਰਮ ਭੁਲਾਵਾ) ਹੋਣ ਲਗ ਪਿਆ (ਜੋ ਉਸ ਦੇ ਦਿਮਾਗ ਫਿਰੇ ਦਾ ਹੀ ਨਤੀਜਾ ਹੋਊ) ਤਦ ਤਾਂ ਉਹ ਭਗਤ ਜਨ ਬਣ ਗਿਆ। ਟੀਕਾਕਾਰ ਦੀ ਆਈਡੀਅਲਿਸਟਿਕ ਮਾਈਥੋਲਿਜੀ ਅੰਦਰ ਕਿਸੇ ਅਜ਼ਗੈਬੀ ਨਾਮ ਦੀ ਮਿਥ (myth) ਧੁਨੀ ਸੁਣਨਹਾਰੇ ਉਪਰ ਹੀ ਟੀਕਾਕਾਰ ਦੇ ਅਭਿਪਰੇ ਅਨੁਸਾਰ "ਪੋਹਿ ਨ ਸਕੈ ਕਾਲੁ" ਵਾਲੀ ਫਲ-ਪ੍ਰਾਪਤਨੀ-ਬਿਵਸਥਾ ਘਟ ਸਕਦੀ ਹੈ। ਸੋ ਉਸ ਦੇ ਕਿਆਸੀ ਅਤੇ ਗੁਰਮਤਿ ਦੇ ਤੱਤ-ਦਰਸੀ-ਸਿਧਾਂਤ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਗੁਰਮਤਿ ਨਾਮ ਦੇ ਅਭਿਆਸੀਆਂ ਭਗਤ ਜਨਾਂ ਨੂੰ ਤਾਂ ਗੁਰਮਤਿ ਨਾਮ ਦੀ ਕਮਾਈ ਰੂਪੀ ਭਗਤੀ ਕਰਦਿਆਂ ਹੋਇਆਂ ਸਦਾ ਵਿਗਾਸ ਰਹਿਣਾ ਹੈ, ਪ੍ਰੰਤੂ ਟੀਕਾਕਾਰ ਦੇ ਅਕੀਦੇ ਵਾਲੇ ਭਗਤ ਜਨਾਂ ਉਤੇ "ਨਾਨਕ ਭਗਤਾ ਸਦਾ ਵਿਗਾਸੁ" ਦਾ ਭਾਸ ਉਦੋਂ ਘਟਦਾ ਹੈ ਜਦੋਂ ਕਿ ਓਹ ਟੀਕਾਕਾਰ ਦੀ ਉਤੇ ਦਸੀ ਮੈਡੀਟੇਸ਼ਨੀ ਮੰਜ਼ਲ ਉਤੇ ਪੁਜ ਖੜੋਣਗੇ, ਐਵੇਂ ਨਹੀਂ। ਗੁਰਮਤਿ ਨਾਮ ਅਭਿਆਸ ਕਮਾਈ ਵਾਲੇ ਭਗਤ ਜਨ ਦੀ ਦਸ਼ਾ ਉਪਰ ਤਾਂ ਨਾਮ ਅਭਿਆਸ ਦੀ ਪਾਰਸ ਕਲਾ ਦੁਆਰਾ ਹੀ ਨਾਮ ਦੇ ਸੁਣਦਿਆਂ ਸਾਰ ਹੀ ਯਾ ਨਾਮ ਅਭਿਆਸ ਦੀ ਕਮਾਈ ਦੇ ਨਾਲੋ ਨਾਲ ਹੀ ਨਾਮ ਦੇ ਸੁਣਦਿਆਂ ਰਹਿਣ ਕਰਕੇ ਹੀ "ਸੁਣਿਐ ਦੂਖ ਪਾਪ ਕਾ ਨਾਸੁ" ਵਾਲੀ ਪੰਗਤੀ ਦਾ ਪ੍ਰਮਾਰਥ ਘਟ ਜਾਣਾ ਅਤੇ ਸਦਾ ਘਟਦਾ ਰਹਿਣਾ ਹੈ, ਪਰ ਸ਼ੁਨੀਦੀ ਨਾਮ ਦੀ ਸ਼ੁਨੀਦ (ਸੁਣੇ ਸੁਣਾਏ ਨਾਮ ਦੀ ਸਰੋਤ) ਨਾਲ ਇਹ ਪ੍ਰਮਾਰਥ ਘਟੇ ਘਟੇ ਨਾ ਘਟੇ, ਨਾ ਹੀ ਘਟੇ, ਜੇ ਭਲਾ ਕਦੇ ਕਦਾਈਂ ਇਕ ਵਾਰ ਕਿਸੇ ਹੈਲੂਸੀਨੇਟਰੀ ਸ਼ਕਲ ਵਿਚ ਘਟ ਭੀ ਜਾਵੇ ਤਾਂ ਬਸ ਇਕ ਵਾਰ ਹੀ ਘਟ ਕੇ ਰਹਿ ਜਾਵੇਗਾ; ਇਮੈਜਨਰੀ ਚਮਤਕਾਰਾਂ ਦਾ ਇਹੋ ਹੀ ਹਸ਼ਰ ਹੋਇਆ ਕਰਦਾ ਹੈ।

ਗੁਰਮਤਿ ਨਾਮ ਅਭਿਆਸ ਕਮਾਈ ਵਾਲੇ ਭਗਤ ਜਨਾਂ ਨੂੰ ਤਾਂ ਇਕ ਵਾਰ ਇਸ ਭਗਤ-ਕਮਾਈ ਦੁਆਰਾ ਰਿਦੰਤਰ ਜੋਤਿ ਵਿਗਾਸ ਹੋਇਆ, ਫੇਰ ਸਦਾ ਹੋਇਆ ਰਹਿਣਾ ਹੈ, ਜੈਸਾ ਕਿ 'ਸੁਣਿਐ' ਦੀ ਹਰੇਕ ਪਉੜੀ ਅੰਦਰ ਬਹੁੜ ਬਹੁੜ ਏਸੇ ਕਥਨ ਤੇ ਜ਼ੋਰ ਦਿਤਾ ਗਿਆ ਹੈ ਕਿ "ਨਾਨਕ ਭਗਤਾ ਸਦਾ ਵਿਗਾਸੁ"। ਹਾਂ ਜੀ! ਸਦਾ ਵਿਗਾਸ–ਦੇਖੋ 'ਸਦਾ' ਦਾ ਪਦ ਸਾਫ਼ ਏਸ ਗੱਲ ਦੀ ਸਾਖ ਭਰ ਰਿਹਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੇ ਘਰ (ਗੁਰੂ ਘਰ) ਦੇ ਭਗਤਾਂ ਨੂੰ ਤਾਂ ਸਦਾ ਹੀ ਵਿਗਾਸ ਹੈ, ਛਿਨ-ਭੰਗਰੀ ਵਿਗਾਸ ਨਹੀਂ। ਗੁਰੂ ਨਾਨਕ ਸਾਹਿਬ ਦੇ ਘਰ ਦੀ ਦ੍ਰਿੜ੍ਹਾਈ ਭਗਤੀ ਸਦਾ ਅਸਥਿਰ ਭਗਤੀ ਹੈ। ਸਾਸਿ ਗਿਰਾਸਿ ਨਾਮ ਅਭਿਆਸ


www.AKJ.Org

ਮਈ ਭਗਤੀ ਕਮਾਵਣ-ਹਾਰਿਆਂ ਭਗਤ ਜਨਾਂ ਨੂੰ ਹੀ ਭਗਤਿ-ਕਮਾਈਓਂ ਉਦੋਤ ਹੋਇਆ ਵਿਗਾਸ ਸਦਾ ਹੀ ਬਣਿਆ ਰਹਿਣਾ ਹੈ, ਏਸੇ ਗੁਰਮਤਿ ਭਗਤਿ-ਕਮਾਈ ਦੀ ਪਾਰਸ ਕਲਾ ਦੁਆਰਾ ਵਿਗਸੰਨੇ ਰਸ ਜੋਤਿ ਵਿਗਾਸ ਦੇ ਰਿਦੰਤਰਿ ਪ੍ਰਕਾਸ਼ ਹੋਣ ਕਰ ਗੁਰਮੁਖਾਂ, ਭਗਤ ਜਨਾਂ ਨੂੰ ਸਾਕਸ਼ਾਤ ਹੋਇਆ ਆਨੰਦ, ਆਨ ਸੰਸਾਰੀ ਕਥਨੀ ਬਦਨੀ ਵਾਲੇ ਕਹਿਵਤੀ ਆਨੰਦ ਤੋਂ ਵਿਲੱਖਣ ਹੈ :

ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥
ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ ॥ ੭ ॥ (ਪੰਨਾ ੯੧੭)

ਬਸ ਜੀ ! ਇਹ ਸੱਚਾ ਆਨੰਦ, ਇਹ ਸਦ-ਰਿਦ ਵਿਗਾਸੀ ਆਨੰਦ, ਇਹ ਗੁਰਮਤਿ ਮਤਿ ਵਿਲੱਖਣੀ ਆਨੰਦ, ਇਹ ਗੁਰਮਤਿ ਆਦਰਸ਼ੀ ਆਨੰਦ ਸਦਾ ਗੁਰੂ ਤੇ ਹੀ ਜਾਣਿਆ ਜਾਂਦਾ ਹੈ।

ਗੁਰੂ ਤੋਂ ਬੇ-ਮੁਖ, ਮਨਮਤੀ, ਮਨਮੁਖੀ ਭਾਵੇਂ ਕਿਤਨੀਆਂ ਹੀ ਹਿਕਮਤ ਹੁੱਜਤੀ ਜੁਗਤੀਆਂ ਕਰਨ, ਉਹ ਮੌਜ ਆਨੰਦ ਵਿਗਾਸੀ ਮੌਜ ਕਦਾਚਿਤ ਨਹੀਂ ਮਾਣ ਸਕਦੇ, ਐਵੇਂ ਕਥਨੀ ਬਦਨੀ ਕਰ ਕਰ ਕੇ ਹੀ ਚਿਤ ਪਰਚਾਉਣਗੇ। ਜਿਨ੍ਹਾਂ ਨੇ ਪੂਰਨ ਗੁਰਮਤਿ ਰੀਤੀ ਅਨੁਸਾਰ ਗੁਰੂ ਦੁਆਰੇ ਹੋਇ ਕੈ ਨਾਮੀ ਸਾਹਿਬ ਦਾ ਨਾਮ ਨਹੀਂ ਸੰਮਾਲਿਆ, ਉਹਨਾਂ ਨੂੰ ਇਹ ਵਥ ਕਿਥੋਂ ਪ੍ਰਾਪਤ ਹੋਵੇ ? ਨਾਮ, ਗੁਰਮਤਿ ਨਾਮ ਦੀਆਂ ਗੁਰਮਤਿ ਜੁਗਤੀਆਂ ਕਮਾਈਆਂ ਨਾਲ ਹੀ, ਗੁਰਸਿਖਾਂ ਨੂੰ ਹੀ ਏਹ ਪਦ ਪਦਾਰਥ ਪ੍ਰਾਪਤ ਹੋਣਾ ਹੈ। ਨਿਰੀਆਂ ਯੋਗ ਸਾਧਨਾਂ ਦੀਆਂ ਜੁਗਤਾਂ ਨਾਲ ਯਾ ਖਿਆਲ ਸੋਚ ਮੈਡੀਟੇਸ਼ਨਾਂ ਨਾਲ ਨਾ ਹੀ ਨਾਮ-ਧੁਨ-ਸਰੋਤੀ ਪ੍ਰਾਪਤ ਹੋ ਸਕਦੀ ਹੈ, ਨਾ ਹੀ ਗੁਰਮਤਿ ਅਨੰਦ ਅਦੋਤੀ ਵਿਗਾਸ ਦੀ ਸੋਝੀ ਆ ਸਕਦੀ ਹੈ।

"ਸੁਣਿਐ" "ਮੰਨੇ" ਦੀਆਂ ਪਉੜੀਆਂ ਦਾ ਤਮਹੀਦੀ ਭਾਸ਼ ਕਰਦਿਆਂ ਹੋਇਆਂ ਟੀਕਾਕਾਰ ਜੀ ਨੇ ਸਿਰਫ਼ ਏਸ ਗੱਲ ਤੇ ਜ਼ੋਰ ਦਿਤਾ ਹੈ ਕਿ ਉਕਤ ਜੁਗਤੀ ਜੋਗ ਸਾਧਨਾ ਵਾਲਾ ਧਿਆਨ ਜਮਾਇਆਂ ਜਦੋਂ ਦਸਮ ਦੁਆਰ ਵਾਲਾ ਕ੍ਰਥੋਤੀ ਨੌਜੋਗ ਅਤੀ ਸਮੀਪੀ ਹੋ ਜਾਂਦਾ ਹੈ, ਜੋ ਕੁਛ ਉਥੋਂ ਉਹ ਜੋਗ ਸਾਧਨਾ ਵਾਲਾ ਜੋਗੀ ਸੁਣਦਾ ਹੈ, ਉਹ ਨਾਮ ਦਾ ਸੁਣਨਾ ਹੈ। ਪ੍ਰੰਤੂ 'ਸੁਣਿਐ' ਦੀ ਦੂਜੀ ਪਉੜੀ ਅਰਥਾਤ ਸ੍ਰੀ ਜਪੁਜੀ ਸਾਹਿਬ ਦੀ ਨੌਵੀਂ ਪਉੜੀ ਦੀ ਤੀਜੀ ਪੰਗਤੀ "ਸੁਣਿਐ ਜੋਗ ਜੁਗਤਿ ਤਨਿ ਭੇਦ" ਦੀ ਅਰਥਾ-ਬੰਦੀ ਕਰਦੇ ਹੋਏ ਟੀਕਾਕਾਰ ਜੀ ਇਉਂ ਲਿਖਦੇ ਹਨ—"ਨਾਮ ਦੇ ਸੁਣਨ ਨਾਲ ਜੋਗ (ਰੱਬ ਨਾਲ ਜੁੜਨ) ਦੀ ਅਸਲੀ ਜਾਚ ਦਾ ਪਤਾ ਲਗਦਾ ਹੈ।" ਵੇਖੋ ! ਟੀਕਾਕਾਰ ਦੇ ਪਹਿਲੇ ਕਥਨ ਅਤੇ ਇਸ ਕਥਨ ਵਿਚ ਪ੍ਰਸਪਰ ਕਿਤਨਾ ਵਿਰੋਧ ਹੈ। ਪਹਿਲਾਂ ਤਾਂ ਲਿਖਦੇ ਹਨ ਕਿ ਜੋਗ ਦੁਆਰਾ ਹੀ ਨਾਮ ਪ੍ਰਾਪਤ ਹੁੰਦਾ ਹੈ, ਨਾਮ ਆਪੋਂ ਹੀ ਸੁਣਾਈ ਦੇਣ ਲਗ ਪੈਂਦਾ ਹੈ, ਅਰਥਾਤ ਜੋਗ ਵਿਚ ਜੁੜਿਆਂ ਅਤੇ ਜੋਗ ਸਿਧੀ ਦਾ ਦਸਮ ਦੁਆਰੀ ਦਰਜਾ ਪ੍ਰਾਪਤ ਕੀਤਿਆਂ। ਪਰ ਹੁਣ ਇਹ ਲਿਖਦੇ ਹਨ ਕਿ ਨਾਮ ਦੇ ਸੁਣਨ ਨਾਲ ਜੋਗ ਦੀ ਅਸਲੀ ਜਾਚ ਦਾ ਪਤਾ ਲਗਦਾ ਹੈ। ਤਾਂ ਤੇ ਪਹਿਲੇ ਕਥਨ ਵਾਲਾ ਤਾਂ ਜੋਗ ਹੀ ਨਾ ਹੋਇਆ, ਨਕਲੀ ਜਾਚ ਹੀ ਹੋਈ। ਜਦ ਅਸਲੀ ਜਾਚ ਜੋਗ ਦੀ ਨਾਮ ਦੁਆਰਾ ਹੀ ਪ੍ਰਾਪਤ ਹੋਣੀ ਹੈ ਤਾਂ ਨਕਲੀ ਜੋਗ ਦੀਆਂ ਉਕਤ ਜੁਗਤੀ ਟੱਕਰਾਂ ਮਾਰਨ ਦੀ ਕੀ ਲੋੜ ? ਪਹਿਲੇ ਕਥਨ ਵਿਚ ਦਸੇ ਜੋਗ ਦੀ ਜੁਗਤੀ ਦਾ ਸਾਧਨ ਯਾ ਤਾਂ ਨਿਰੀ ਮੈਡੀਟੇਸ਼ਨੀ ਉਕਤਿ ਯੁਕਤੀ ਹੀ ਹੈ, ਯਾ ਜੋਗ ਸ਼ਾਸਤ੍ਰਾਂ, ਸਿਮ੍ਰਤੀਆਂ, ਵੇਦਾਂ ਵਿਚ ਯੁਕਤਾਈ ਫੋਕੀ ਫ਼ਿਲਾਸਫ਼ੀ ਹੈ। ਪਰ ਗੁਰਸਿਖਾਂ ਨੂੰ ਗੁਰਮਤਿ ਨਾਮ ਦੇ ਸੁਣਨ ਮੰਨਣ ਦੀ ਗਿਆਤ ਵਾਲਾ ਗੁਰਮਤਿ ਗਿਆਨ ਅਨਮਤੀ ਸਿਮ੍ਰਤੀਆਂ, ਸ਼ਾਸਤ੍ਰਾਂ, ਵੇਦਾਂ ਦੀ ਘੋਖ ਦੁਆਰਾ ਹਰਗਿਜ਼ ਹਰਗਿਜ਼ ਪ੍ਰਾਪਤ ਨਹੀਂ ਹੋ ਸਕਦਾ, ਬਲਕਿ ਨਾਮ ਦੀ ਸ੍ਰਵਣ ਮੰਨਣ ਨਿਧਿਆਸਨੀ ਗੁਰਮਤਿ ਅਭਿਆਸ ਕਮਾਈ ਕਰਨਹਾਰੇ ਸਿਖਾਂ ਨੂੰ ਏਹਨਾਂ ਬੇਦ, ਸਿਮ੍ਰਤੀਆਂ, ਸ਼ਾਸਤ੍ਰਾਂ ਦੇ ਘੋਖਣ ਦੀ ਲੋੜ ਹੀ ਨਹੀਂ ਰਹਿੰਦੀ। ਗੁਰਸਿਖਾਂ ਲਈ ਗੁਰਮਤਿ ਨਾਮ ਹੀ ਸ਼ਾਸਤ੍ਰ ਹੈ, ਨਾਮ ਹੀ ਬੇਦ ਹੈ, ਨਾਮ ਹੀ ਸਿਮ੍ਰਤੀਆਂ ਹਨ, ਨਾਮ ਤੋਂ ਵਧ ਕੇ ਗੁਰਸਿਖਾਂ ਨੂੰ ਹੋਰ ਕਿਸੇ ਸ਼ਾਸਤ੍ਰ, ਸਿਮ੍ਰਤ, ਵੇਦ ਦੀ ਲੋੜ ਨਹੀਂ। ਗੁਰਸਿਖਾਂ ਦਾ ਤਾਂ ਸ਼ਾਸਤ੍ਰ, ਸਿਮ੍ਰਤਿ, ਵੇਦ ਸਭ ਕੁਛ ਨਾਮ ਹੀ ਹੈ। ਬਸ ਨਾਮ ਭੀ ਗੁਰਮਤਿ ਨਾਮ ਹੀ ਹੈ, ਜੈਸੇ ਕਿ ਅਨੇਕ ਗੁਰਵਾਕ ਦਰਸਾਉਂਦੇ ਹਨ। ਯਥਾ :



www.AKJ.Org

—ਨਾਮੁ ਹਮਾਰੈ ਬੇਦ ਅਰੁ ਨਾਦ ॥ ਨਾਮੁ ਹਮਾਰੈ ਪੂਰੇ ਕਾਜ ॥
ਨਾਮੁ ਹਮਾਰੈ ਪੂਜਾ ਦੇਵ ॥ ਨਾਮੁ ਹਮਾਰੈ ਗੁਰ ਕੀ ਸੇਵ ॥ ਭੈਰਉ ਮ: ੫, ਪੰਨਾ ੧੧੪੫
—ਗੁਰਮੁਖਿ ਸਾਸਤ੍ਰ ਸਿਮ੍ਰਿਤਿ ਬੇਦ ॥ ਗੁਰਮੁਖਿ ਪਾਵੈ ਘਟ ਘਟਿ ਭੇਦ ॥ ਪੰਨਾ ੯੪੨
—ਨਾਮੁ ਜਪਹੁ ਨਾਮੇ ਗਤਿ ਪਾਵਹੁ ਸਿਮ੍ਰਿਤਿ ਸਾਸਤ੍ਰ ਨਾਮੁ ਦ੍ਰਿੜਈਆ ॥
ਬਿਲਾਵਲੁ ਮ: ੪, ਪੰਨਾ ੮੩੪

ਸਤਗੁਰ ਨੇ ਸਿਖਾਂ ਨੂੰ ਨਾਮ ਹੀ ਸਿਮ੍ਰਿਤਿ, ਸ਼ਾਸਤ੍ਰ ਦ੍ਰਿੜ੍ਹਾਇਆ ਹੈ, ਨਾਮ ਤੋਂ ਬਿਨਾਂ ਸਿਖਾਂ ਦਾ ਕੋਈ ਸਿਮ੍ਰਿਤਿ ਸ਼ਾਸਤ੍ਰ ਨਹੀਂ।

ਟੀਕਾਕਾਰ ਜੀ ਭੀ ਇਸ ਨੌਵੀਂ ਪਉੜੀ ਦੀ ਚੌਥੀ ਪੰਗਤੀ "ਸੁਣਿਐ ਸਾਸਤ ਸਿਮ੍ਰਿਤਿ ਵੇਦ ॥" ਦੇ ਅਰਥ ਇਉਂ ਲਿਖਦੇ ਹਨ : "ਨਾਮ ਦੇ ਸੁਣਨ ਨਾਲ ਉਹ ਗਿਆਨ ਉਸ ਨੂੰ ਪ੍ਰਾਪਤ ਹੋ ਜਾਂਦਾ ਹੈ ਜੋ ਸ਼ਾਸਤ੍ਰਾਂ ਸਿਮ੍ਰਤੀਆਂ ਤੇ ਵੇਦਾਂ ਦੇ ਪਾਠ ਦਾ ਫਲ ਕਿਹਾ ਗਿਆ ਹੈ।" ਜਦ ਇਹ ਗਿਆਨ ਟੀਕਾਕਾਰ ਜੀ ਦੀ ਭੀ ਆਪਣੀ ਇਸ ਅਰਥ-ਸਿਧੀ ਦੁਆਰਾ ਨਾਮ ਦੇ ਸੁਣਨ ਨਾਲ ਹੀ ਪ੍ਰਾਪਤ ਹੋ ਜਾਂਦਾ ਹੈ, ਤਦ ਜਿਸ ਨਾਮ ਦੇ ਸੁਣਨ ਨਾਲ ਹੀ ਸ਼ਾਸਤ੍ਰਾਂ, ਸਿਮ੍ਰਤੀਆਂ ਵੇਦਾਂ ਦੇ ਪਾਠ ਦੇ ਅਖਉਤੀ ਫਲ ਵਾਲਾ ਗਿਆਨ ਪ੍ਰਾਪਤ ਹੋ ਜਾਂਦਾ ਹੈ, ਇਸ ਨਾਮ ਦੇ ਸੁਣਨ ਲਈ ਫੇਰ ਜੋਗ ਸ਼ਾਸਤ੍ਰਾਂ ਆਦਿਕ ਦੀਆਂ ਜੋਗ ਜੁਗਤੀਆਂ, ਸਿੱਧੀਆਂ, ਹੋਰਸ ਅਨਮਤੀ ਮਨਮਤੀ ਮੈਡੀਟੇਸ਼ਨਾਂ ਦੀ ਸਹਾਇਤਾ ਦੀ ਕੀ ਲੋੜ ਰਹੀ ? ਨਾਮ ਦੇ ਸੁਣਨ ਨਾਲ ਤਾਂ ਬੇਦ, ਸ਼ਾਸਤ੍ਰਾਂ ਦੇ ਗਿਆਨ ਦਾ ਵਿਕਾਸ ਹੋ ਜਾਂਦਾ ਹੈ, ਪਰ ਉਹ ਦਸਦੇ ਹਨ ਕਿ ਇਹ ਨਾਮ ਸੁਣਿਆ ਜਾਂਦਾ ਹੈ ਜੋਗ ਸਿੱਧੀਆਂ ਜੁਗਤੀਆਂ ਦੁਆਰਾ, ਕੈਸਾ ਪ੍ਰਸਪਰ ਵਿਰੋਧ ਹੈ।

ਟੀਕਾਕਾਰ ਜੀ ਦੇ ਮਨ-ਮੰਨੇ ਫ਼ਲਸਫ਼ੇ ਅਨੁਸਾਰ ਰਸਨ ਰਟਨੀ ਨਾਮ, ਜਾਪ ਦੁਆਰਾ ਓਹ ਦਸਮ ਦੁਆਰੀ ਗਿਆਨ ਵਿਗਾਸ ਨਹੀਂ ਹੋ ਸਕਦਾ। ਇਹ ਤਾਂ ਕੇਵਲ ਮਨ-ਉਕਤ ਯਾ ਆਨਮਤ ਜੋਗ ਜੁਗਤਿ ਦੁਆਰਾ ਹੀ ਪ੍ਰਾਪਤ ਹੋਣਾ ਸੰਭਵ ਹੈ ਅਤੇ ਏਸੇ ਦਸਮ ਦੁਆਰੀ ਗਿਆਨ ਵਿਗਾਸ ਦੀ ਬਿਵਸਥਾ ਪ੍ਰਾਪਤ ਹੋਈ ਤੋਂ ਉਹ ਨਾਮ ਸੁਣਦਾ ਹੈ, ਜਿਸ ਦਾ ਜ਼ਿਕਰ "ਸੁਣਿਐ" "ਮੰਨੇ" ਦੀਆਂ ਪਉੜੀਆਂ ਵਿਚ ਆਉਂਦਾ ਹੈ। ਗੁਰਮਤਿ ਦੀ ਗੂੜ੍ਹ ਨਾਮ-ਫ਼ਿਲਾਸਫ਼ੀ ਦੇ ਟੀਕਾਕਾਰ ਜੀ ਉੱਕੇ ਹੀ ਅਗਿਆਤ ਪ੍ਰਤੀਤ ਹੁੰਦੇ ਹਨ। ਉਹਨਾਂ ਦੇ ਖ਼ਿਆਲ ਵਿਚ 'ਸੁਣਿਐ' 'ਮੰਨੇ' ਦੀਆਂ ਪਉੜੀਆਂ ਵਿਚ ਦਰਸਾਈ ਆਤਮ-ਬਿਵਸਥਾ ਰਸਨ-ਰਟਨੀ-ਜਾਪ-ਕਮਾਈ ਦੁਆਰਾ ਪ੍ਰਾਪਤ ਹੋਣੀ ਅਤੀ ਅਸੰਭਵ ਹੈ, ਇਸ ਕਰਕੇ ਉਹਨਾਂ ਨੂੰ ਆਨਮਤੀਆਂ ਦਾ ਪੇਚੀਦਾ ਬਿਖਮ-ਗਿਆਨ-ਗੋਦੜੀਆ-ਫ਼ਿਲਸਫ਼ਾ ਹੀ ਪਸੰਦ ਆਇਆ। ਉਹਨਾਂ ਦਾ ਅਕੀਦਾ ਹੈ ਕਿ ਇਸ ਵਿਚਾਰ ਦੇ ਅਤ ਉੱਚ ਅਵਸਥਾ ਵਾਲੇ ਗਿਆਨ ਪ੍ਰਾਪਤ ਹੋਏ ਤੋਂ ਹੀ ਨਾਮ ਸੁਣਦਾ ਹੈ। ਉਹਨਾਂ ਦੇ ਏਸ ਅਕੀਦੇ ਨੂੰ ਜੇ ਮੰਨ ਭੀ ਲਿਆ ਜਾਵੇ ਤਾਂ ਉਕਤ ਦਸਮ ਦੁਆਰ ਵਿਕਾਸੀ ਨਾਮ ਦੇ ਸੁਣੇ ਜਾਣ ਪਸ਼ਚਾਤ ਤਾਂ ਤਿਸ ਉੱਚ ਮੰਡਲੀਏ ਨਾਮ ਦੇ ਦਸਮ ਦੁਆਰ ਵਿਖੇ ਉਦੋਤ ਹੋਣ ਕਰਿ ਤਾਂ ਫੇਰ ਤਿਸ ਉਦਤਾਏ ਨਾਮ ਦੇ ਸੁਣਨ ਦੀ ਮਹਿਮਾ ਮਹੱਤਤਾ ਉਸ ਤੋਂ ਭੀ ਅਪਰ ਅਪਾਰੀ ਹੋਣੀ ਚਾਹੀਏ ਅਤੇ ਐਸੇ ਅਪਰ ਅਪਾਰੀ ਨਾਮ ਦੇ ਸੁਣਨ ਕਰ ਹੋਰ ਤੋਂ ਹੋਰ ਅਤੇ ਵਧ ਤੋਂ ਵਧ ਉਚੇਰੀਆਂ ਤੋਂ ਉਚੇਰੀਆਂ ਆਤਮ ਐਜੀ ਕ੍ਰਿਸ਼ਮ ਕਲਾਆਂ ਪ੍ਰਾਪਤ ਹੋਣੀਆਂ ਚਾਹੀਦੀਆਂ ਹਨ, ਪ੍ਰੰਤੂ ਜਪੁਜੀ ਸਾਹਿਬ ਦੀ ਦਸਵੀਂ ਪਉੜੀ ("ਸੁਣਿਐ" ਦੀ ਤੀਜੀ ਪਉੜੀ) ਦੀ ਟੀਕਾਕਾਰ ਜੀ ਦੀ ਕਲਮ ਤੋਂ ਕੀਤੀ ਹੋਈ ਟੀਕਾ-ਟਿੱਪਣੀ ਸਿੱਧ ਕਰਦੀ ਹੈ ਕਿ ਨਾਮ ਦੇ ਸੁਣਨ ਨਾਲ ਹੇਠਲੀਆਂ ਮਾਨਸਕ ਮੰਡਲੀ ਇਖ਼ਲਾਕੀ ਅਵਸਥਾਵਾਂ ਭੀ ਆ ਜੁੜਦੀਆਂ ਹਨ। ਐਵੋਲੀਊਸ਼ਨ ਥਿਊਰੀ ਅਨੁਸਾਰ ਅਗਲੀ ਪਉੜੀ ਵਿਚ ਦਰਸਾਈਆਂ ਆਤਮ ਅਵਸਥਾਵਾਂ ਦੇ ਮੰਡਲ ਦਾ ਸਗੋਂ ਵਧੇਰੇ ਵਿਕਾਸ ਹੋਣਾ ਸੀ, ਪ੍ਰੰਤੂ ਇਹ ਦਸਵੀਂ ਪਉੜੀ ਦਸਦੀ ਹੈ ਕਿ ਇਹ ਉਲਟਾ ਹਿਠਾਹਾਂ ਨੂੰ ਉੱਤਰ ਆਈਆਂ। ਟੀਕਾਕਾਰ ਜੀ ਦੀ ਮੁਢਲੀ ਬੁਨਿਆਦੀ ਥਿਊਰੀ ਅਨੁਸਾਰ ਤਾਂ ਇਸ ਨੇ ਹੋਰ ਅਗਾਹਾਂ ਵਧਣਾ ਅਤੇ ਵਧਦੇ ਹੀ ਜਾਣਾ ਸੀ। ਟੀਕਾਕਾਰ ਜੀ ਇਸ ਦਸਵੀਂ ਪਉੜੀ ਦੀ ਪਹਿਲੀ ਪੰਗਤੀ ਦਾ ਟੀਕਾ ਕਰਦੇ ਹੋਏ ਲਿਖਦੇ ਹਨ "ਨਾਮ ਦੇ ਸੁਣਨ ਨਾਲ ਪੁਰਸ਼ ਵਿਚ ਸਤ, ਸੰਤੋਖ ਤੇ ਗਿਆਨ ਆ ਘਰ ਕਰਦੇ ਹਨ"। ਇਹ ਸਤ, ਸੰਤੋਖ ਤੇ ਮਾਨਸਿਕ ਮੰਡਲੀ


www.AKJ.Org

ਗਿਆਨ ਤਾਂ ਉਰੇਡੀਆਂ ਮੰਜ਼ਲਾਂ ਹਨ, ਜੋ ਦਸਮ ਦੁਆਰੀ ਗਿਆਨ ਵਾਲੀ ਮੰਜ਼ਲ ਤੋਂ ਬਹੁਤ ਨੀਵੀਆਂ ਹਨ। ਏਹਨਾਂ ਉਰੇਡੀਆਂ ਇਖ਼ਲਾਕੀ ਮੰਜ਼ਲਾਂ ਤੇ ਪਹੁੰਚਣ ਲਈ ਭੀ ਕੀ ਦਸਮ ਦੁਆਰੀ ਨਾਮ ਦੇ ਸੁਣਨ ਦੀ ਕਸਵਟੀ ਲੱਗਣੀ ਚਾਹੀਦੀ ਹੈ ? ਸਤ, ਸੰਤੋਖ ਆਦਿਕ ਇਖ਼ਲਾਕੀ ਸਿਫ਼ਤਾਂ ਤਾਂ ਦਸਮ ਦੁਆਰ ਪਹੁੰਚਣ ਤੋਂ ਪਹਿਲਾਂ ਹੀ ਪ੍ਰਾਪਤ ਹੋ ਜਾਣੀਆਂ ਚਾਹੀਦੀਆਂ ਹਨ, ਤਾਂ ਫੇਰ ਏਹਨਾਂ ਨੂੰ ਅੱਪੜਨ ਲਈ ਜੋ ਨਾਮ ਸੁਣਨ ਦੀ ਲੋੜ ਹੈ, ਕੀ ਉਹ ਵੀ ਪੁੱਗ ਖਲੋਤੀ ਆਤਮ ਅਵਸਥਾ ਵਿਚ ਹੀ ਸੁਣੇ ਜਾ ਸਕਣ ਵਾਲਾ ਨਾਮ ਹੋਵੇਗਾ ? ਸੋ ਟੀਕਾਕਾਰ ਜੀ ਦੇ ਮਨ-ਮੰਨੇ ''ਸੁਣਿਐ'' ਦੇ ਅਰਥਾਂ ਵਿਚ ਬੜਾ ਫ਼ਰਕ ਹੈ ਅਤੇ ਵਿਰੋਧ ਆ ਪਿਆ, ਤੇ ਕੋਈ ਭੀ ਇਕ ਅਸੂਲ ਨਾਮ ਸੁਣਨ ਦਾ ਕਾਇਮ ਨਾ ਰਿਹਾ। ਗੁਰਮਤਿ ਨਾਮ ਦੇ ਸੁਣਨ ਨਾਲ ਅਤੇ ਏਹਨਾਂ ਪੰਜ-ਭੂਤਕ ਸ੍ਰਵਣਾਂ ਦੁਆਰਾ ਸੁਣਨ ਨਾਲ ਭਾਂਤ ਭਾਂਤੀ ਬਿਵਸਥਾ ਤਾਂ ਮਾਨਸਕ ਮੰਡਲੀ ਅਤੇ ਆਤਮ ਐਜ ਮੰਡਲੀ ਸੁਤੇ ਸਿਧ ਹੀ ਆ ਪ੍ਰਾਪਤ ਹੁਦੀਆਂ ਹਨ। ''ਸੁਣਿਐ' ਦੀਆਂ ਸਾਰੀਆਂ ਪਉੜੀਆਂ ਅੰਦਰ ਜੋ ਜੋ ਭੀ ਭਾਂਤ ਭਾਂਤ ਦੀ ਪ੍ਰਾਪਤੀ ਦਰਸਾਈ ਗਈ ਹੈ, ਉਹ ਕੇਵਲ ਏਹਨਾਂ ਪੰਜ ਭੂਤਕ ਸ੍ਰਵਣਾਂ ਦੁਆਰਾ ਸੁਣੇ ਨਾਮ ਦੀ ਪਾਰਸ ਕਲਾ ਦੇ ਪ੍ਰਤਾਪ ਦਾ ਚਮਤਕਾਰ ਹੈ। ਏਹ ਸਿਰਫ ਵਾਹਿਗੁਰੂ ਦ੍ਰਿੜ੍ਹਾਏ ਗੁਰੂ ਸੁਣਾਏ ਗੁਰੂ ਪਰਸਾਏ ਅੰਮ੍ਰਿਤ ਨਾਮ (ਗੁਰਮੰਤ੍ਰ) ਦਾ ਹੀ ਪਾਰਸ ਪ੍ਰਭਾਵੀ ਜ਼ਹੂਰ ਦਰਸਾਇਆ ਹੈ। ਦੇਖੋ ਗੁਰਵਾਕ :

ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥
ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ ॥
ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ ॥
ਸਚੁ ਅਲਖ ਵਿਡਾਣੀ ਤਾ ਕੀ ਗਤਿ ਕਹੀ ਨ ਜਾਏ ॥
ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ ਸਾਚੈ ਸੁਨਣੈ ਨੋ ਪਠਾਏ ॥੩੭॥ ਪੰਨਾ ੯੨੨

ਕੈਸੀ ਅਸਚਰਜ ਅਤੇ ਅਲਖ ਵਿਡਾਣੀ ਅਕਥ ਕਥਾ ਇਸ ਗੁਰਵਾਕ ਨੇ ਅੰਮ੍ਰਿਤ ਨਾਮ ਦੇ ਸ੍ਰਵਣੀ ਸੁਨਣ ਸੰਦੀ ਪਾਰਸ ਕਲਾ ਦੀ ਦਰਸਾਈ ਹੈ। ਗੁਰੂ ਗੁਰਬਾਣੀ ਰੂਪੀ ਇਹਨਾਂ ਗੁਰਵਾਕਾਂ ਵਿਚ ਸਰੀਰ ਲਾਏ (ਪੰਜ ਭੂਤਕੀ) ਸ੍ਰਵਣਾਂ ਦੀ ਸਫਲਤਾ ਸਾਫ ਅੰਮ੍ਰਿਤ ਨਾਮ ਨੂੰ ਸੁਣ ਕੇ ਪਵਿੱਤਰ ਪਾਵਨ ਹੋਣ ਵਿਚ ਹੀ ਦਰਸਾਈ ਹੈ। ਗੁਰਮਤਿ ਅੰਮ੍ਰਿਤ ਨਾਮ (ਗੁਰਮੰਤਰ) ਨੂੰ ਸੁਣਨ ਦੀ ਐਸੀ ਪਾਰਸ-ਪ੍ਰਭਾਵੀ ਬਰਕਤ (ਕਲਾ) ਹੈ ਕਿ ਇਸ ਨੂੰ ਸੁਣਨ ਮਾਤਰ ਨਾਲ ਹੀ ਸਰੀਰ ਵਿਖੇ ਲਾਏ (ਕਾਦਰ ਦੀ ਕੁਦਰਤੀ ਸਾਜਨਾ ਦੁਆਰਾ ਰਚਨ ਰਚਾਏ) ਸ੍ਰਵਣ (ਕੰਨ) ਪਾਵਨ ਪਵਿੱਤਰ ਹੋ ਜਾਂਦੇ ਹਨ। ਵਾਸਤਵ ਵਿਚ ਮਾਨੁਖਾ ਦੇਹੀ ਦੀ ਸਰੀਰਕ ਜੜਤ ਵਿਚ ਜੜਾਏ ਸ੍ਰਵਣ ਮਾਨੁਖਾ ਦੇਹੀ ਸੰਯੁਕਤ ਸਾਜਣਹਾਰੇ ਸਿਰਜਣਹਾਰ ਹੁਕਮੀ ਪਾਦਸ਼ਾਹ ਦੇ ਹੁਕਮ ਅੰਦਰ ਸਜਾਏ ਪਠਾਏ ਹੀ ਏਸ ਮੰਤਵ ਲਈ ਗਏ ਹਨ ਕਿ ਇਹਨਾਂ ਦੁਆਰਾ ਕੇਵਲ ਸਚੇ ਸਾਹਿਬ ਅਕਾਲ ਪੁਰਖ ਵਾਹਿਗੁਰੂ ਦੀ ਸਤਿ ਬਾਣੀ ਵਾਲੇ ਸੱਚੇ ਨਾਮ ਨੂੰ ਹੀ ਸੁਣਿਆ ਜਾਵੇ ਅਤੇ ਏਸ ਸੱਚੀ ਅੰਮ੍ਰਿਤ ਬਾਣੀ ਵਾਲੇ ਅੰਮ੍ਰਿਤ ਨਾਮ ਨੂੰ ਇਹਨਾਂ ਸਰੀਰ ਲਾਏ ਸ੍ਰਵਣਾਂ, ਦੁਆਰਾ ਸੁਣਨ ਦਾ ਪਾਰਸ ਪ੍ਰਮਾਰਥੀ ਅਮਰ ਫਲ ਕੀ ਹੁੰਦਾ ਹੈ ? ਸੁਣਨਹਾਰੇ ਦਾ ਮਨੁ ਤਨੁ ਹਰਿਆ ਹੋ ਜਾਂਦਾ ਹੈ। ਇਸ ਅੰਮ੍ਰਿਤ ਕਥਾ ਵਾਲੇ ਨਾਮ (ਗੁਰਮੰਤ੍ਰ) ਨੂੰ ਭਾਵੇਂ ਸੁਣਿਆ ਤਾਂ ਕੰਨਾਂ ਦੁਆਰਾ ਹੀ ਜਾਂਦਾ ਹੈ, ਕਿਉਂਕਿ ਸਰੀਰ ਵਿਖੇ ਗੁਰਮੰਤ੍ਰ ਦਾ ਅੰਮ੍ਰਿਤ ਸੰਚਾਲੀ ਪ੍ਰਵੇਸ਼ ਪਹਿਲਾਂ ਕੰਨਾਂ ਦੁਆਰਾ ਹੀ ਹੁੰਦਾ ਹੈ, ਪ੍ਰੰਤੂ ਇਸ ਦੀ ਪਾਰਸ-ਭੂਤੀ-ਅੰਮ੍ਰਿਤ-ਕਣੀ ਦਾ ਸੰਚੂਰ ਐਸਾ ਸੰਚੁਰਦਾ ਹੈ ਕਿ ਸਰੀਰ ਲਾਈ ਰਸਨਾ ਅੰਮ੍ਰਿਤ ਰਸ ਪ੍ਰਹਾਰ ਵਿਚ ਹੀ ਸਰਸ਼ਾਰ ਹੋ ਜਾਂਦੀ ਹੈ। ਰਸਨਾ ਤੋਂ ਅਜ਼ਖ਼ੁਦ ਹੀ ਆਪਣੇ ਆਪ ਅੰਮ੍ਰਿਤ ਦੇ ਪੁਹਾਰੇ ਫੁੱਟਣ ਲਗ ਪੈਂਦੇ ਹਨ–

''ਰਸਨਾ ਰਸਿ ਸਮਾਣੀ'' ਦੀ ਤੱਤ ਵਿਆਖਿਆ ਅੱਖਰਾਂ ਦੁਆਰਾ ਹੋ ਸਕਣੀ ਹੀ ਅਸੰਭਵ ਹੈ, ਪ੍ਰੰਤੂ ਇਹ ਗੱਲ ਤਾਂ ਇਸ ਗੁਰਵਾਕ ਤੋਂ ਸਾਫ਼ ਸਪਸ਼ਟ ਹੋ ਗਈ ਕਿ ਪਹਿਲਾਂ ਸ੍ਰਵਣੀ ਪ੍ਰਵੇਸ਼ ਹੋਇਆ ਨਾਮ ਹੀ ਰਸਨਾ ਦੇ ਰਗੋ ਰੇਸ਼ੇ ਅੰਦਰ ਰਮਦਾ ਹੈ; ਜਿਉਂ ਜਿਉਂ ਰਮਦਾ ਹੈ ਤਿਉਂ ਤਿਉਂ ਰਹਸ ਰੀਸਾਲੂ ਤੇ ਰਸਨ ਰੀਸਾਲੂ, ਜਾਪ ਜਪਾਲੂ ਰਸਨਾ ਰਸੀਅਣੀ ਹੋ ਹੋ ਅੰਮ੍ਰਿਤ ਨਾਮ ਨੂੰ ਜ਼ੋਰੋ ਜ਼ੋਰ ਚਵਦੀ ਹੈ ਅਤੇ ਚਵੀ ਜਾਂਦੀ ਹੈ। ਮਾਨੋ ਸ੍ਰਵਣਾਂ ਦੁਆਰਾ ਨਾਮ


www.AKJ.Org

ਅਭਿਆਸੀ ਦੀ ਰਸਨਾ ਨੂੰ ਅੰਮ੍ਰਿਤ ਨਾਮ ਰਸਾਇਣੀ ਚਾਬੀ ਲਗ ਜਾਂਦੀ ਹੈ ਅਤੇ ਨਾਮ ਦਾ ਖੰਡਾ ਖਿਨ ਖਿਨ ਘਟ ਅੰਦਰ ਖੜਕਣ ਲਗ ਪੈਂਦਾ ਹੈ। ਇਹ ਆਤਮ ਅਲੱਖ ਵਿਡਾਣੀ ਖੇਡ ਸ੍ਰਵਣਾਂ ਤੋਂ ਅਰੰਭ ਹੋ ਕੇ ਰਸਨਾ ਉੱਤੇ ਚੜ੍ਹ ਕੇ ਰੋਮ ਰੋਮ ਅੰਦਰ ਜਾ ਸਮਾਉਂਦੀ ਹੈ।

ਇਸ ਦਸਵੀਂ ਪਉੜੀ ਦੀ ਤੀਜੀ ਪੰਗਤੀ ਦੇ ਅਰਥ ਟੀਕਾਕਾਰ ਜੀ ਨੇ ਉਲਟ ਪੁਲਟ ਕੀਤੇ ਹਨ। ਉਹ ਲਿਖਦੇ ਹਨ, "ਸੁਣਨ ਨਾਲ ਓਹ ਮਾਨ ਮਿਲਦਾ ਹੈ ਜੋ ਪੰਡਤ ਲੋਕ ਬੜੇ ਪੜ੍ਹ ਪੜ੍ਹ ਕੇ ਲਭਣਾ ਲੋਚਦੇ ਹਨ।" ਇਹ ਬੜੇ ਹੀ ਵਿੰਗੇ ਟੇਢੇ ਅਰਥ ਹਨ, ਜੋ ਅਖਰੀ ਅਰਥ ਚੋਂ ਧੂ ਘੜੀਸ ਅਤੇ ਖਿਚ ਪਾੜ ਕੇ ਕਢੇ ਗਏ ਹਨ। ਚੰਗੇ ਭਲੇ ਸਿਧ-ਪਧਰੇ ਅਰਥ-ਭਾਵ ਬਣਦੇ ਹਨ ਕਿ (ਨਾਮ ਨੂੰ) ਸੁਣਨ ਕਰਕੇ ਅਤੇ (ਨਾਮ ਨੂੰ) ਪੜ੍ਹ ਪੜ੍ਹ ਕੇ ਨਾਮ ਦੇ ਸੁਨਣ-ਪੜ੍ਹਨ-ਹਾਰੇ ਭਗਤਾਂ ਨੂੰ ਮਾਨ ਪ੍ਰਾਪਤ ਹੁੰਦਾ ਹੈ, ਐਥੇ ਭੀ ਅਤੇ ਦਰਗਾਹੇ ਭੀ। ਏਹਨਾਂ ਸਪੱਸ਼ਟ ਅਰਥ-ਭਾਵਾਂ ਤੋਂ ਸਾਫ਼ ਜ਼ਾਹਰ ਹੈ ਕਿ ਏਥੇ ਭੀ ਓਸੇ ਨਾਮ ਵਲ ਇਸ਼ਾਰਾ ਹੈ ਜੋ ਸਤਿਗੁਰ ਦਾ ਦ੍ਰਿੜ੍ਹਾਇਆ ਨਾਮ ਸੁਨਣ ਪੜ੍ਹਨ ਵਿਚ ਆਉਂਦਾ ਹੈ; ਜਿਸ ਗੁਰਮਤਿ ਨਾਮ ਨੂੰ ਸੁਣ ਪੜ੍ਹ ਕੇ ਅਕਾਲ ਪੁਰਖ ਦੀ ਦਰਗਾਹ ਵਿਚ ਮਾਨ ਪਾਈਦਾ ਹੈ। ਖ਼ਿਆਲੀ ਮੈਡੀਟੇਸ਼ਨ ਦੁਆਰਾ ਖ਼ਿਆਲਿਆ ਨਾਮ ਕਿਹੜੇ ਖ਼ਿਆਲ ਵਿਚ ਅਨੁਮਾਨਿਆ ਜਾ ਸਕਦਾ ਹੈ, ਉਹ ਤਾਂ ਸ੍ਰਵਣਾਂ ਦੁਆਰਾ ਸੁਣਿਆ ਨਹੀਂ ਜਾ ਸਕਦਾ, ਨਾ ਹੀ ਰਸਨਾ ਦੁਆਰਾ ਜਪਿਆ ਵਖਾਣਿਆ ਜਾ ਸਕਦਾ ਹੈ ਅਤੇ ਨਾ ਹੀ ਮੁਖਾਰ-ਬਿੰਦੋਂ ਬੈਖਰੀ ਬਾਣੀ ਦੁਆਰਾ ਪੜ੍ਹਿਆ ਜਾ ਸਕਦਾ ਹੈ। ਟੀਕਾਕਾਰ ਜੀ ਦੀ ਸਮਝ ਵਿਚ ਇਹ ਗੱਲ ਬੈਠੀ ਹੀ ਨਹੀਂ ਕਿ ਇਹਨਾਂ ਸਰੀਰ ਲਾਏ ਸ੍ਰਵਣਾਂ ਦੁਆਰਾ ਯਾ ਰਸਨਾ-ਮੁਖ ਦੁਆਰਾ ਨਾਮ ਸੁਣਿਆ ਪੜ੍ਹਿਆ ਭੀ ਜਾ ਸਕਦਾ ਹੈ, ਸਿਆਣਪ ਵਿਚ ਪੈ ਕੇ ਗੁਆਚਣ ਦੀ ਲੋੜ ਨਹੀਂ, ਦੇਖੋ ਨਾਮ ਦੇ ਪੜ੍ਹਨ ਸੁਣਨ ਦੀ ਇਹ ਗੁਰਵਾਕ ਕੈਸੀ ਸਪੱਸ਼ਟ ਸਾਖਾ ਭਰਦੇ ਹਨ :

ਨਾਮ ਦਾ ਪੜ੍ਹਨਾ ਬੁੱਝਣਾ—

ਹਰਿ ਪੜਣਾ ਹਰਿ ਬੁਝਣਾ ਹਰਿ ਸਿਉ ਰਖਹੁ ਪਿਆਰੁ ॥
ਹਰਿ ਜਪੀਐ ਹਰਿ ਧਿਆਈਐ ਹਰਿ ਕਾ ਨਾਮੁ ਅਧਾਰੁ ॥ —ਰਾਮਕਲੀ ਮ: ੧, ਪੰਨਾ ੯੩੭

—ਹਰਿ ਪੜੀਐ ਹਰਿ ਬੁਝੀਐ ਗੁਰਮਤੀ ਨਾਮਿ ਉਧਾਰਾ ॥
ਗੁਰਿ ਪੂਰੈ ਪੂਰੀ ਮਤਿ ਹੈ ਪੂਰੇ ਸਬਦਿ ਬੀਚਾਰਾ ॥ —ਮਾਰੂ ਮ: ੧, ਪੰਨਾ ੧੦੦੯

—ਹਰਿ ਪੜੁ ਹਰਿ ਲਿਖੁ ਹਰਿ ਜਪਿ ਹਰਿ ਗਾਉ ਹਰਿ ਭਉਜਲੁ ਪਾਰਿ ਉਤਾਰੀ ॥
ਮਨਿ ਬਚਨਿ ਰਿਦੈ ਧਿਆਇ ਹਰਿ ਹੋਇ ਸੰਤੁਸਟੁ ਇਵ ਭਣੁ ਹਰਿ ਨਾਮੁ ਮੁਰਾਰੀ ॥੧॥
ਮਨਿ ਜਪੀਐ ਹਰਿ ਜਗਦੀਸ ॥ ਮਿਲਿ ਸੰਗਤਿ ਸਾਧੂ ਮੀਤ ॥
ਸਦਾ ਅਨੰਦੁ ਹੋਵੈ ਦਿਨੁ ਰਾਤੀ ਹਰਿ ਕੀਰਤਿ ਕਰਿ ਬਨਵਾਰੀ ॥ਰਹਾਉ॥
ਹਰਿ ਹਰਿ ਕਰੀ ਦ੍ਰਿਸਟਿ ਤਬ ਭਇਓ ਮਨਿ ਉਦਮੁ ਹਰਿ ਹਰਿ ਨਾਮੁ ਜਪਿਓ ਗਤਿ ਭਈ ਹਮਾਰੀ ॥
ਜਨ ਨਾਨਕ ਕੀ ਪਤਿ ਰਾਖੁ ਮੇਰੇ ਸੁਆਮੀ ਹਰਿ ਆਇ ਪਰਿਓ ਹੈ ਸਰਣਿ ਤੁਮਾਰੀ ॥੨॥
ਧਨਾਸਰੀ ਮ: ੪, ਪੰਨਾ ੬੬੯

ਇਸ ਗੁਰਵਾਕ ਅੰਦਰ ਸਾਫ਼ ਨਿਖਰਵੇਂ ਤੌਰ ਤੇ ਨਾਮ ਨੂੰ ਪੜ੍ਹਨ, ਲਿਖਣ, ਜਪਣ ਦਾ ਮਹਿਮਾ ਮਹਾਤਮੀ-ਹੁਕਮ ਹੈ। ਜੋ ਇਸ ਹੁਕਮ ਨੂੰ ਮੰਨੇਗਾ ਸੋ ਭਵਜਲੋਂ ਪਾਰ ਉਤਰ ਜਾਏਗਾ। ਫੇਰ ਸਪੱਸ਼ਟ ਤੌਰ ਤੇ ਨਾਮ ਨੂੰ ਮਨੰ ਕਰ ਕੇ, ਬਚਨ ਬਾਣੀ ਕਰਕੇ ਅਤੇ ਹਿਰਦੇ ਬੇਧੀ ਸੁਆਸ ਅਭਿਆਸ ਕਰਕੇ ਧਿਆਵਨ ਅਰਾਧਨ ਵਾਲੇ ਗੁਰ-ਫ਼ੁਰਮਾਨ ਦੀ ਮਹੱਤਤਾ ਮਹਾਨਤਾ ਦ੍ਰਿੜ੍ਹਾਈ ਗਈ ਹੈ, ਕੇਵਲ ਉਪਰ ਦੱਸੇ ਅਨਿਕ ਤ੍ਰੰਗੀ ਤਰੀਕਿਆਂ ਦੁਆਰਾ ਨਾਮ ਜਪੇ, ਭਜੇ, ਭਣੇ ਜਾਣ ਕਰ ਹੀ ਪ੍ਰੀਤਮ ਪ੍ਰਮਾਤਮਾ ਅਕਾਲ ਪੁਰਖ ਸੰਤੁਸ਼ਟ ਅਤੇ ਨਿਹਾਲ ਨਦਰਿਸ਼ਟ ਹੋ ਸਕਦਾ ਹੈ, ਗੁਰੂ ਕਰਤਾਰ ਦੀ ਨਦਰੀ ਨਦਰ ਨਿਹਾਲ ਦ੍ਰਿਸ਼ਟੀ ਨਾਲ ਉਪਰ ਲਿਖੇ ਹੁਕਮਾਂ ਦੀ ਤਾਮੀਲ ਹੋ ਸਕਦੀ ਹੈ। ਇਸ ਤਾਮੀਲ ਲਈ ਨਾਮ ਜਪਣ ਦਾ ਉਦਮ ਧਾਰਨਾ ਪਰਮ ਜ਼ਰੂਰੀ ਹੈ, ਖ਼ਿਆਲੀ ਖ਼ਿਆਲ-ਜਮਾਈਆਂ ਅਤੇ ਕਨਸੈਂਟਰੇਸ਼ਨਾਂ


www.AKJ.Org

(ਇਕਾਗਰਤਾਵਾਂ) ਗੁਰਮਤਿ ਆਸ਼ੇ ਆਦਰਸ਼ ਤੋਂ ਪ੍ਰਤਿਕੂਲ ਫੋਕਟ ਧਿਆਨ-ਬਾਜ਼ੀਆਂ ਹੀ ਹਨ।

ਸਿਰੀ ਜਪੁਜੀ ਸਾਹਿਬ ਦੀ ੧੧ਵੀਂ (ਸੁਣਿਐ'' ਦੀ ਛੇਕੜਲੀ) ਪਉੜੀ ਦੀ ਪਹਿਲੀ ਪੰਗਤੀ ਦਾ ਅਰਥ ਅਰਥਾਉਂਦੇ ਹੋਏ ਟੀਕਾਕਾਰ ਜੀ ਲਿਖਦੇ ਹਨ :

''ਨਾਮ ਨੂੰ ਸੁਣਨ ਵਾਲਾ ਪੁਰਸ਼ ਗੁਣਾਂ ਦੇ ਸਰਾਂ ਦੇ ਗਾਹਣ ਵਾਲਾ ਹੋ ਜਾਂਦਾ ਹੈ। ਅਰਥਾਤ ਓਹਦੇ ਵਿਚ ਸਭ ਗੁਣ ਆ ਨਿਵਾਸ ਕਰਦੇ ਹਨ''। ਪਰ ਯਾਦ ਰੱਖੋ ਕਿ ਨਾਮ ਸੁਣਨ ਵਾਲੇ ਤੋਂ ਭਾਵ ਟੀਕਾਕਾਰ ਜੀ ਦਾ ਓਹੋ ਜੋਗਾਭਿਆਸ ਦੁਆਰਾ ਤੁਰੀਆ ਪਦ ਵਿਚ ਪਹੁੰਚ ਕੇ ਕਿਸੇ ਅਜ਼-ਗ਼ੈਬੀ ਧੁਨੀ ਸੁਣਨ ਵਾਲੇ ਦਾ ਹੈ (ਜਿਸ ਧੁਨੀ ਨੂੰ ਓਹ ਨਾਮ ਕਰਕੇ ਕਿਆਸਦੇ ਹਨ), ਗੁਰਮਤਿ ਨਾਮ ਧੁਨੀ ਸੁਣਨ ਵਾਲੇ ਤੋਂ ਓਹਨਾਂ ਦਾ ਭਾਵ ਨਹੀਂ। ਓਹਨਾਂ ਦੇ ਭਾ ਦਾ ਗੁਰਮਤਿ ਨਾਮ ਦੇ ਸੁਣਨ ਵਾਲੇ ਵਿਚ ਸਭ ਗੁਣ ਆ ਕੇ ਨਿਵਾਸ ਨਹੀਂ ਕਰ ਸਕਦੇ, ਗੁਰਮਤਿ ਨਾਮ ਦੇ ਸੁਣਨ ਵਾਲਾ ਉਹਨਾਂ ਦੇ ਗੁਮਾਨ ਵਿਚ ਸਰਾਂ ਗੁਣਾਂ ਦੇ ਗਾਹਣ ਵਾਲਾ ਨਹੀਂ ਹੋ ਸਕਦਾ, ਕੇਵਲ ਆਪੋਂ ਸਿਖੇ ਯਾ ਐਉਂ ਕਹੋ ਕਿ ਆਪੋਂ ਖ਼ਿਆਲੇ ਜੋਗ ਬਲ ਨਾਲ ਯਾ ਆਨਮਤਾਂ ਤੋਂ ਸੁਣੇ ਸੁਣਾਏ ਕੰਨ 'ਚਿ ਪਾਏ ਜੋਗ ਦੁਆਰਾ ਉਹਨਾਂ ਦੀ ਅਖਉਤੀ ਤੁਰੀਆ ਤਰਪਣੀ ਵਿਚ ਪਹੁੰਚ ਕੇ, ਫਰ ਓਥੇ ਜੋ ਨਾਮ ਸੁਣਾਈ ਦੇਂਦਾ ਹੈ, ਉਸ ਨਾਮ ਦੇ ਸੁਣਨ ਨਾਲ ਹੀ ਸਰਾਂ ਗੁਣਾਂ ਨੂੰ ਗਾਹ ਸਕੀਦਾ ਹੈ, ਯਾ ਸਭ ਗੁਣਾਂ ਨੂੰ ਆਪਣੇ ਵਿਚ ਸਮਾ ਸਕੀਦਾ ਹੈ, ਐਵੇਂ ਨਹੀਂ। ਕੈਸੀ ਗੁਰਮਤਿ ਤੋਂ ਡਿੱਗੀ ਹੋਈ ਤੇ ਗੁਰਮਤਿ ਮਾਰਗ ਤੋਂ ਰਹਿ ਖੜੋਤੀ ਹੋਈ ਗੱਲ ਹੈ! ਗੁਰਮਤਿ ਤਾਂ ਨਿਰਣੇ ਅਤੇ ਨਿਸਚੇ ਕਰਾਉਂਦੀ ਹੈ ਕਿ ਗੁਰਬਾਣੀ ਵਿਚ ਨਿਰਣਾਏ ਗੁਰਮਤਿ ਗੁਣਾਂ ਦੇ ਵਖਾਨਣ ਅਤੇ ਗਾਵਣ ਨਾਲ ਨਾ ਕੇਵਲ ਸਭ ਗੁਣ ਹੀ ਉਹਨਾਂ ਗੁਣਾਂ ਦੇ ਵਖਾਨਣ ਯਾ ਗਾਵਣਹਾਰੇ ਦੇ ਹਿਰਦੇ ਅੰਦਰ ਵੱਸ ਜਾਂਦੇ ਹਨ, ਬਲਕਿ ਗੁਣਾਂ ਦੇ ਪੁੰਜ ਗੁਣੀ ਗੁਣਤਾਸ ਗੁਰੂ ਵਾਹਿਗੁਰੂ ਵਿਚ ਹੀ ਓਹਨਾਂ ਦੀ ਸਮਾਈ ਹੋ ਜਾਂਦੀ ਹੈ। ਗੁਰਵਾਕ :

ਹਉ ਵਾਰੀ ਜੀਉ ਵਾਰੀ ਗੁਰੁ ਪੂਰਾ ਮੰਨਿ ਵਸਾਵਣਿਆ ॥<br>
ਗੁਰ ਤੇ ਸਾਚਿ ਭਗਤਿ ਕਰੇ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ ॥੧॥ਰਹਾਉ॥ ਪੰਨਾ ੧੧੭

ਕਿਉਂ ਜੀ! ਇਹ ਗੁਣ ਹੋਰ ਕਿਹੜੇ ਹੋਣਗੇ ਜਿਨ੍ਹਾਂ ਨੂੰ ਕਹਿ ਕੇ, (ਵਖਾਣ ਕੇ, ਗਾ ਕੇ) ਗੁਣੀ ਵਿਚ ਸਮਾਵਣਾ ਹੋਣਾ ਹੈ, ਗੁਰਮਤਿ ਗੁਣ, ਗੁਰਬਾਣੀ ਰੂਪੀ ਗੁਣ, ਸ੍ਰੀ ਗੁਰੂ ਸਾਹਿਬਾਨ ਦੇ ਧੁਰੋਂ ਲਿਆ ਕੇ ਪ੍ਰਗਟਾਏ ਗੁਣ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਵਿਦਤਾਏ ਗੁਣ ਯਾ ਆਨਮਤਾਂ ਦੀ ਸੁਣੀ ਸੁਣਾਈ ਤਰੀ ਤ੍ਰਿਕੁਟੀ ਵਿਚ ਤ੍ਰਿਭਧਾਏ ਗੁਣ? ਹੋਰ ਗੁਰਵਾਕ ਲਵੋ :

ਤੇਰੇ ਭਗਤ ਸੋਹਹਿ ਸਾਚੈ ਦਰਬਾਰੇ ॥ ਗੁਰ ਕੈ ਸਬਦਿ ਨਾਮਿ ਸਵਾਰੇ ॥<br>
ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ ॥੧॥ਮਾਝ ਮ:੩ ਪੰਨਾ ੧੨੨

[ਚਲਦਾ] [''ਗੁਰਮਤਿ ਨਾਮ ਅਭਿਆਸ ਕਮਾਈ'' ਪੁਸਤਕ ਵਿਚੋਂ]

ਰਾਮਕਲੀ ਮਹਲਾ ੫

ਤ੍ਰੈ ਗੁਣ ਰਹਤ ਰਹੈ ਨਿਰਾਰੀ, ਸਾਧਿਕ ਸਿਧ ਨ ਜਾਨੈ ॥<br>
ਰਤਨ ਕੋਠੜੀ ਅੰਮ੍ਰਿਤ ਸੰਪੂਰਨ, ਸਤਿਗੁਰ ਕੈ ਖਜਾਨੈ ॥੧॥<br>
ਅਚਰਜੁ ਕਿਛੁ ਕਹਣੁ ਨ ਜਾਈ ॥ ਬਸਤੁ ਅਗੋਚਰ ਭਾਈ ॥੧॥ਰਹਾਉ॥<br>
ਮੋਲੁ ਨਾਹੀ ਕਛੁ ਕਰਣੈ ਜੋਗਾ, ਕਿਆ ਕੋ ਕਹੈ ਸੁਣਾਵੈ ॥<br>
ਕਥਨ ਕਹਣ ਕਉ ਸੋਝੀ ਨਾਹੀ, ਜੋ ਪੇਖੈ ਤਿਸੁ ਬਣਿ ਆਵੈ ॥੨॥<br>
ਸੋਈ ਜਾਣੈ ਕਰਣੈਹਾਰਾ, ਕੀਤਾ ਕਿਆ ਬੇਚਾਰਾ ॥<br>
ਆਪਣੀ ਗਤਿ ਮਿਤਿ ਆਪੇ ਜਾਣੈ, ਹਰਿ ਆਪੇ ਪੂਰ ਭੰਡਾਰਾ ॥੩॥<br>
ਐਸਾ ਰਸੁ ਅੰਮ੍ਰਿਤੁ ਮਨਿ ਚਾਖਿਆ, ਤ੍ਰਿਪਤਿ ਰਹੇ ਆਘਾਈ ॥<br>
ਕਹੁ ਨਾਨਕ ਮੇਰੀ ਆਸਾ ਪੂਰੀ, ਸਤਿਗੁਰ ਕੀ ਸਰਣਾਈ ॥੪॥੪॥ (੮੮੩-੮੪)



www.AKJ.Org

# ਗੁਰਬਾਣੀ ਵੀਚਾਰ

ਸੂਹੀ ਮਹਲਾ ੫ ॥
ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ ਓਇ ਰਾਮ ਨਾਮ ਰੰਗਿ ਰਾਤੇ ॥
ਤਿਨ੍ ਕੀ ਸੋਭਾ ਸਭਨੀ ਥਾਈ ਜਿਨ੍ ਪ੍ਰਭ ਕੇ ਚਰਨ ਪਰਾਤੇ ॥੧॥
ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ ॥
ਭਗਤਾਂ ਬਨਿ ਆਈ ਪ੍ਰਭ ਅਪਨੇ ਸਿਉ ਜਲਿ ਥਲਿ ਮਹੀਅਲਿ ਸੋਈ ॥੧॥ ਰਹਾਉ॥
ਕੋਟਿ ਅਪ੍ਰਾਧੀ ਸੰਤ ਸੰਗਿ ਉਧਰੈ ਜਮੁ ਤਾ ਕੈ ਨੇੜਿ ਨ ਆਵੈ ॥
ਜਨਮ ਜਨਮ ਕਾ ਬਿਛੁੜਿਆ ਹੋਵੈ ਤਿਨ੍ ਹਰਿ ਸਿਉ ਆਣਿ ਮਿਲਾਵੈ ॥੨॥
ਮਾਇਆ ਮੋਹੁ ਭਰਮੁ ਭਉ ਕਾਟੈ ਸੰਤ ਸਰਣਿ ਜੋ ਆਵੈ ॥
ਜੇਹਾ ਮਨੋਰਥੁ ਕਰਿ ਅਰਾਧੇ ਸੋ ਸੰਤਨ ਤੇ ਪਾਵੈ ॥ ੩ ।
ਜਨ ਕੀ ਮਹਿਮਾ ਕੇਤਕ ਬਰਨਉ ਜੋ ਪ੍ਰਭ ਅਪਨੇ ਭਾਣੇ ॥
ਕਹੁ ਨਾਨਕ ਜਿਨ ਸਤਿਗੁਰੁ ਭੇਟਿਆ ਸੇ ਸਭ ਤੇ ਭਏ ਨਿਕਾਣੇ ॥੪॥੪॥੫੧॥ [੭੪੮]

ਵੀਚਾਰ–ਇਸ ਸ਼ਬਦ ਵਿਚ ਸੰਤ-ਸਤਿਗੁਰੂ ਦੀ ਮਹਿਮਾ ਕਥਨ ਕੀਤੀ ਗਈ ਹੈ। ਸਤਿਗੁਰੂ ਜੀ ਦੀ ਕੋਈ ਵੀ ਬਰਾਬਰੀ ਨਹੀਂ ਕਰ ਸਕਦਾ, ਕਿਉਂਕਿ ਉਹ ਸਰਬ-ਵਿਆਪਕ ਪ੍ਰਭੂ ਦੀ ਰਜ਼ਾ ਵਿਚ ਰਹਿੰਦੇ ਹੋਏ ਉਸ ਨਾਲ ਇਕ-ਮਿਕ ਹੋਏ ਹੁੰਦੇ ਹਨ । ਪ੍ਰਭੂ ਤੋਂ ਭੁਲੇ ਹੋਏ ਅਨੇਕਾਂ ਪਾਪੀ ਉਨ੍ਹਾਂ ਦੀ ਸੰਗਤ ਵਿਚ ਮਾਇਆ-ਜਾਲ ਤੋਂ ਛੁਟਕਾਰਾ ਪਾ ਕੇ ਤਰ ਜਾਂਦੇ ਹਨ।

ਪਦ ਅਰਥ–ਪ੍ਰਭ ਮਾਨਹਿ=ਪ੍ਰਭ (ਦੇ ਭਗਤ) ਮੰਨਦੇ ਹਨ । ਕੋਟਿ ਅਪ੍ਰਾਧੀ=ਕਰੋੜਾਂ ਅਪ੍ਰਾਧ ਕਰ ਵਾਲਾ ਪ੍ਰਾਣੀ।

ਅਰਥ–ਜੋ ਕੁਝ (ਪ੍ਰਭੂ) ਕਰਦਾ ਹੈ, ਓਹੀ ਸਭ ਕੁਝ ਪ੍ਰਭੂ ਦੇ ਸੇਵਕ (ਭਗਤ) ਮੰਨਦੇ ਹਨ, (ਭਾਵ ਉਸ ਦੀ ਰਜ਼ਾ ਵਿਚ ਰਹਿੰਦੇ ਹਨ) ਅਤੇ ਉਹ ਸੇਵਕ ਸਦਾ ਰਾਮ ਨਾਮ ਦੇ ਰੰਗ ਵਿਚ ਰਤੇ ਰਹਿੰਦੇ ਹਨ। ਉਨ੍ਹਾਂ ਸੰਤਾਂ-ਸੇਵਕਾਂ ਦੀ ਸ਼ੋਭਾ ਹਰ ਥਾਈਂ ਹੁੰਦੀ ਹੈ, ਜਿਨ੍ਹਾਂ ਨੇ ਕਿ ਪ੍ਰਭੂ ਦੇ ਚਰਨ ਪਕੜੇ ਹੁੰਦੇ ਹਨ, ਭਾਵ, ਪ੍ਰਭੂ ਦੀ ਓਟ ਲਈ ਹੁੰਦੀ ਹੈ।੧।

ਹੇ ਮੇਰੇ ਰਾਮ! ਹਰਿ-ਸੰਤਾਂ ਦੇ ਬਰਾਬਰ ਕੋਈ ਨਹੀਂ (ਹੋ ਸਕਦਾ)। ਸੰਤਾਂ-ਭਗਤਾਂ ਦੀ (ਪ੍ਰੀਤ) ਆਪਣੇ ਪ੍ਰਭੂ ਨਾਲ ਬਣੀ ਹੁੰਦੀ ਹੈ, (ਉਸ ਪ੍ਰਭੂ ਨਾਲ) ਜਿਹੜਾ ਕਿ ਜਲ ਵਿਚ, ਥਲ (ਧਰਤੀ) ਵਿਚ ਅਤੇ ਅਕਾਸ਼ ਵਿਚ (ਸਭ ਥਾਈਂ ਪੂਰ ਰਿਹਾ ਹੈ) ।੧।ਰਹਾਉ।

ਕਰੋੜਾਂ ਗੁਨਾਹ ਕਰਨ ਵਾਲਾ ਪ੍ਰਾਣੀ ਭੀ ਸੰਤ ਦੀ ਸੰਗਤ ਵਿਚ (ਆ ਕੇ) ਉਧਰ ਜਾਂਦਾ ਹੈ (ਅਤੇ ਅੰਤ ਵੇਲੇ ਜਮਦੂਤ ਉਸ ਦੇ ਨੇੜੇ ਨਹੀਂ ਢੁਕ ਸਕਦਾ। ਜੇ ਕੋਈ ਜਨਮ-ਜਨਮਾਂਤਰਾਂ ਦਾ (ਪ੍ਰਭੂ ਤੋਂ) ਵਿਛੁੜਿਆ ਹੋਵੇ ਤਾਂ ਸੰਤ-ਸਤਿਗੁਰੂ ਉਸ ਨੂੰ (ਗੁਰ-ਮੰਤਰ ਦੀ ਦਾਤ ਬਖ਼ਸ਼ ਕੇ) ਹਰੀ-ਪ੍ਰਭੂ ਨਾਲ ਮਿਲਾ ਦੇਂਦਾ ਹੈ ।੨।

ਜੋ ਭੀ ਸੰਤ-ਸਤਿਗੁਰੂ ਦੀ ਸ਼ਰਨ ਵਿਚ ਆਉਂਦਾ ਹੈ, ਸਤਿਗੁਰੂ ਉਸ ਦੇ ਅੰਦਰੋਂ ਮਾਇਆ ਦਾ ਮੋਹ, ਭਰਮ-ਭੁਲਾਵਾ ਅਤੇ (ਮੌਤ ਦਾ) ਡਰ ਦੂਰ ਕਰ ਦੇਂਦਾ ਹੈ । ਕੋਈ ਪ੍ਰਾਣੀ ਜਿਹੋ ਜਿਹਾ ਮਨੋਰਥ ਕਰ ਕੇ ਅਰਾਧਨਾ ਕਰਦਾ ਹੈ, ਉਹ ਸੰਤ-ਸਤਿਗੁਰੂ ਜੀ ਤੋਂ ਪ੍ਰਾਪਤ ਕਰ ਲੈਂਦਾ ਹੈ ।੩।

ਜਿਹੜੇ ਜਨ ਆਪਣੇ ਪ੍ਰਭੂ ਨੂੰ ਭਾਅ ਗਏ ਹਨ, ਉਨ੍ਹਾਂ ਦੀ ਮਹਿਮਾ ਮੈਂ ਕਿਤਨੀ ਕੁ ਬਿਆਨ ਕਰਾਂ। ਨਾਨਕ ਦਾ ਕਥਨ ਹੈ ਕਿ ਜਿਨ੍ਹਾਂ ਪ੍ਰਾਣੀਆਂ ਨੇ ਸਤਿਗੁਰੂ ਨੂੰ ਪਰਸਿਆ ਹੈ, ਭਾਵ, ਜਿਨ੍ਹਾਂ ਨੇ ਸਤਿਗੁਰੂ ਧਾਰਨ ਕਰ ਲਿਆ ਹੈ, ਉਹ ਸਾਰੀ ਲੁਕਾਈ ਤੋਂ ਬੇਮੁਥਾਜ ਹੋ ਗਏ ਹਨ ।੪।੪।੫੧।


www.AKJ.Org

# ਪੁਰਖੈ ਸੇਵਹਿ ਸੇ ਪੁਰਖ ਹੋਵਹਿ

[ਪ੍ਰੋਫੈਸਰ ਗੁਰਮੁਖ ਸਿੰਘ ਜੀ, ਪਟਿਆਲਾ]

"ਜੈਸੀ ਸੰਗਤ ਤੈਸੀ ਰੰਗਤ" ਇਸ ਸਿਧਾਂਤ ਤੋਂ ਕੋਈ ਇਨਕਾਰੀ ਨਹੀਂ ਹੋ ਸਕਦਾ। ਬੋਧੀਆਂ ਅਤੇ ਜੈਨੀਆਂ ਵਰਗੇ ਨਾਸਤਕ ਧਰਮਾਂ ਦਾ ਅਹਿੰਸਾ ਉਪਰ ਲੋੜ ਨਾਲੋਂ ਵਧ ਜ਼ੋਰ ਦੇਣ ਤੇ ਭਾਰਤੀ ਕੌਮ ਵਿਚ ਨਿਪੁੰਸਕਤਾ ਆਈ। ਦੇਵੀ ਦੇਵਤਿਆਂ ਦੀ ਪੂਜਾ ਨੇ ਇਨ੍ਹਾਂ ਦੇ ਪੈਰੋਕਾਰਾਂ ਨੂੰ ਸਮੁਚੇ ਤੌਰ ਤੇ ਭੈ-ਭੀਤ ਕਰ ਕੇ ਰੱਖ ਦਿੱਤਾ : ਦੇਵੀ ਦੇਵਤਿਆਂ ਦੇ ਨਾਰਾਜ਼ ਹੋਣ ਦਾ ਡਰ, ਗ੍ਰਹਿਆਂ ਆਦਿ ਦੇ ਆਪਣੇ ਨਛੱਤਰ ਬਦਲਣ ਦੇ ਮਾੜੇ ਪ੍ਰਭਾਵਾਂ ਦਾ ਡਰ, ਸ਼ਨੀ ਤੇ ਮੰਗਲ ਤੋਂ ਡਰ, ਤਿਥਾਂ ਅਤੇ ਵਾਰਾਂ ਦਾ ਡਰ। ਨਤੀਜਾ ਇਹ ਹੋਇਆ ਕਿ ਭਾਰਤੀ ਕੌਮ ਡਰਾਕਲ ਹੋ ਗਈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਰਤੀ ਕੌਮ ਨੂੰ ਨਵਾਂ ਸਿਧਾਂਤ ਦਿੱਤਾ ਕਿ ਜੋ ਵੀ ਅਕਾਲ ਪੁਰਖ ਦੀ ਪੂਜਾ ਕਰਦੇ ਹਨ ਉਹ ਉਸ ਵਰਗੇ ਨਿਰਭੳੁ ਤੇ ਨਿਰਵੈਰ ਪੁਰਖ ਹੋ ਨਿਬੜਦੇ ਹਨ, ਕਿਉਂਕਿ ਜਿਸ ਦੀ ਪੂਜਾ ਕੀਤੀ ਜਾਵੇ ਉਸਦੇ ਗੁਣ ਪੂਜਾ ਕਰਨ ਵਾਲੇ ਦੇ ਅੰਦਰ ਆ ਜਾਂਦੇ ਹਨ।

—ਸੰਪਾਦਕ

'ਜੈਸੀ ਸੰਗਤ ਤੈਸੀ ਰੰਗਤ' ਇਹ ਇਕ ਮਹੱਤਵਪੂਰਨ ਲੋਕ-ਅਖਾਣ ਹੈ। ਜੇ ਮਨੁਖ ਦੀ ਚੰਗੀ ਮੰਦੀ ਸੰਗਤ ਨਾਲ ਚੰਗੀ ਜਾਂ ਮੰਦੀ ਰੰਗਤ ਚੜ੍ਹ ਸਕਦੀ ਹੈ ਤਾਂ ਇਸ ਗੱਲੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜੋ ਜਿਸ ਸ਼ਰਧਾ-ਭਾਵਨੀ ਨਾਲ ਆਪਣੇ ਇਸ਼ਟ ਦੀ ਪੂਜਾ ਕਰਦਾ ਹੈ, ਉਸ ਇਸ਼ਟ ਦੇ ਚਰਿਤਰ-ਆਚਾਰ ਦਾ ਉਸ ਮਨੁਖ ਉਤੇ ਅਸਰ ਪੈਂਦਾ ਹੈ। ਜੈਨ ਮਤ ਤੇ ਬੁਧ ਮਤ ਦੇ ਧਾਰਨੀਆਂ ਵਿਚੋਂ ਡਾਕਟਰੀ ਕਿੱਤੇ ਵਲ ਘਟ ਲੋਗ ਕਿਉਂ ਆਉਂਦੇ ਹਨ? ਕਿਉਂਕਿ ਇਸ ਕਿੱਤੇ ਦੀ ਸਿਖਲਾਈ ਸਮੇਂ ਮਾਸੂਮ ਜਾਨਵਰਾਂ ਉਤੇ ਚੀਰ-ਫਾੜ ਦੀ ਹਿੰਸਾ ਕਰਨੀ ਪੈਂਦੀ ਹੈ। ਮਹਾਂਵੀਰ (ਜੈਨੀਆਂ ਦਾ ਅਵਤਾਰ) ਅਤੇ ਮਹਾਤਮਾ ਬੁੱਧ (ਬੋਧੀਆਂ ਦਾ ਅਵਤਾਰ) ਨੇ ਬਹੁਤਾ ਸੁਦਾਚਾਰ ਦਾ ਪ੍ਰਚਾਰ ਹੀ ਕੀਤਾ। ਉਹਨਾਂ ਦੇ ਭਾਅ ਦੀ ਰੱਬ ਦੀ ਕੋਈ ਹਸਤੀ ਨਹੀਂ, ਸਗੋਂ ਹਰ ਮਨੁਖ ਆਪਣੇ ਸ਼ੁਭ ਕਰਮਾਂ ਸਦਕਾ ਹੀ ਕੈਵਲਯ, ਜਾਂ ਨਿਰਵਾਣ ਪਦ ਨੂੰ ਪ੍ਰਾਪਤ ਹੁੰਦਾ ਹੈ।

ਹਿੰਦੂ ਸਮਾਜ ਵਿਚ ਸ਼ਿਵ ਜੀ ਦੇ ਪੁਜਾਰੀ ਬਹੁ-ਗਿਣਤੀ ਵਿਚ ਹਨ। ਇਸ ਦੇ ਨਾਲ ਨਾਲ ਕੁਝ ਕੁ ਦੇਵੀਆਂ ਦੀ ਪੂਜਾ ਭੀ ਬਹੁਤ ਲੋਗ ਕਰਦੇ ਹਨ। ਸ਼ਿਵ ਜੀ ਦੇ ਪੁਜਾਰੀ ਸ਼ਿਵ ਵਾਂਗ ਗੁਸੈਲੇ ਦੇਖੇ ਗਏ ਹਨ। ਅਤੇ ਮਾਤਾ ਦੇ ਪੂਜਾਰੀਆਂ ਵਿਚ ਨਾਰੀਆਂ ਦੇ ਗੁਣ ਆ ਜਾਣੇ ਸੁਭਾਵਕ ਹਨ। ਭਗਤ ਨਾਮਦੇਵ ਜੀ ਇਸ ਸੰਬੰਧ ਵਿਚ ਆਪਣੇ ਪ੍ਰਮਾਰਥਕ ਅਨੁਭਵ ਇਉਂ ਬਿਆਨ ਕਰਦੇ ਹਨ :—

ਭੈਰਉ ਭੂਤ, ਸੀਤਲਾ ਧਾਵੈ ॥ ਖਰ ਬਾਹਨੁ ਉਹੁ ਛਾਰੁ ਉਡਾਵੈ ॥੧॥
ਹਉ ਤਉ ਏਕੁ ਰਮਈਆ ਲੈਹਉ ॥ ਆਨ ਦੇਵ ਬਦਲਾਵਨਿ ਦੈਹਉ ॥੧॥ਰਹਾਉ॥
ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥ ਬਰਦ ਚਢੇ ਡਉਰੂ ਢਮਕਾਵੈ ॥੨॥
ਮਹਾ ਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਇ ਅਉਤਰੈ ॥੩॥
ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥੪॥
ਗੁਰਮਤਿ ਰਾਮਨਾਮ ਗਹੁ ਮੀਤਾ ॥ ਪ੍ਰਣਵੈ ਨਾਮਾ, ਇਉ ਕਹੈ ਗੀਤਾ ॥੫॥੨॥੬॥

—ਗੋਂਡ ਨਾਮਦੇਵ ਜੀ, ਪੰਨਾ ੮੭੪



www.AKJ.Org

ਇਸ ਸ਼ਬਦ ਵਿਚ ਹੋਰ ਦੇਵੀ-ਦੇਵਤਿਆਂ ਦੀ ਪੂਜਾ ਦਾ ਜ਼ਿਕਰ ਕਰ ਕੇ ਭਗਤ ਜੀ ਸਿਟੇ ਦੀ ਗੱਲ ਨਿਖਾਰ ਕੇ ਦਸਦੇ ਹਨ ਕਿ ਮੈਂ ਸਭ ਕਾਸੇ ਨੂੰ ਤਿਆਗ ਕੇ ਇਕ ਪ੍ਰਭੂ ਨੂੰ ਹੀ ਆਪਣਾ ਇਸ਼ਟ ਬਣਾਇਆ ਹੈ। ਭਗਤ ਜੀ ਦੇ ਸ਼ਬਦ ਦੇ ਭਾਵ ਅਨੁਸਾਰ—

ਸ਼ਿਵ ਜੀ ਦੀਆਂ ਅੱਠ ਭੈ-ਭੀਤ ਕਰ ਦੇਣ ਵਾਲੀਆਂ ਸ਼ਕਲਾਂ ਦੀ ਕਲਪਨਾ ਕੀਤੀ ਜਾਂਦੀ ਹੈ। ਉਹਨਾਂ ਵਿਚੋਂ ਇਕ ਭੈਰਉ ਭੂਤ ਦੀ ਸ਼ਕਲ ਹੈ, ਜੋ ਮਹਾਂ ਵਿਕਰਾਲ ਹੈ। ਉਸ ਦਾ ਭਗਤ ਭੀ ਓਹੋ ਜਿਹਾ ਰੂਪ ਹੀ ਧਾਰਨ ਕਰ ਸਕਦਾ ਹੈ। ਸੀਤਲਾ ਮਾਤਾ ਦਾ ਪੁਜਾਰੀ ਸੀਤਲਾ ਵਾਂਗ ਹੀ ਗੱਧੇ ਦੀ ਸਵਾਰੀ ਤੇ ਖੇਹ ਉਡਾਉਣ ਤੋਂ ਵਧ ਹੋਰ ਕੀ ਪ੍ਰਾਪਤ ਕਰ ਸਕਦਾ ਹੈ? ਅਤੇ ਸ਼ਿਵ ਸ਼ਿਵ (ਓਮ ਨਮੋ ਸ਼ਿਵਾਏ, ਇਹ ਸ਼ੈਵੀਆਂ ਦਾ ਗੁਰਮੰਤਰ ਹੈ) ਕਰ ਕੇ ਜੋ ਸ਼ਿਵ ਜੀ ਦਾ ਜਾਪ ਕਰਦੇ ਹਨ, ਉਹ ਸ਼ਿਵ ਵਰਗੇ ਬਣ ਕੇ ਬੈਲ ਦੀ ਸਵਾਰੀ ਅਤੇ ਡੌਰੂ ਦੇ ਵਜਾਉਣ ਤੋਂ ਵੱਧ ਹੋਰ ਕਰ ਵੀ ਕੀ ਸਕਦੇ ਹਨ। ਸ਼ਿਵ ਜੀ ਦੀ ਵਹੁਟੀ ਪਾਰਬਤੀ ਨੂੰ ਭੀ ਮਹਾਨ ਦੇਵੀ ਮੰਨਿਆ ਜਾਂਦਾ ਹੈ (ਇਸ ਦੇ ਹੀ ਤੀਰਥ-ਅਸਥਾਨ ਨੈਣਾ ਦੇਵੀ, ਚਿੰਤਪੁਰਨੀ ਅਤੇ ਜਵਾਲਾਮੁਖੀ ਹਨ)। ਇਸ ਨੂੰ ਆਮ ਤੌਰ ਤੇ 'ਮਾਤਾ' ਕਿਹਾ ਜਾਂਦਾ ਹੈ। ਜੋ ਲੋਗ ਮਾਤਾ ਦੀ ਪੂਜਾ ਕਰਦੇ ਹਨ, ਉਹ ਸਗੋਂ ਬੰਦੇ ਤੋਂ ਔਰਤ ਦੀ ਜੂਨ ਨੂੰ ਪ੍ਰਾਪਤ ਹੋ ਕੇ ਮਾਤਾ ਵਾਂਗ ਰੂਪ ਧਾਰਨ ਕਰ ਜਾਂਦੇ ਹਨ। ਲੋਕਾਂ ਦਾ ਖ਼ਿਆਲ ਹੈ ਕਿ ਭਵਾਨੀ ਦੇਵੀ ਮੁਕਤੀ ਦੇ ਸਕਦੀ ਹੈ, ਪਰ ਭਗਤ ਨਾਮਦੇਵ ਜੀ ਆਪਣੇ ਆਤਮਕ ਅਨੁਭਵ ਤੋਂ ਦਸ ਰਹੇ ਹਨ ਕਿ ਭਵਾਨੀ ਦੇਵੀ ਦੇ ਹੱਥ ਮੁਕਤੀ ਨਹੀਂ ਹੈ। ਇਸ ਲਈ ਸ਼ਬਦ ਦੇ ਕੇਂਦਰੀ ਭਾਵ ਨੂੰ 'ਰਹਾਉ' ਦੀ ਤੁਕ ਵਿਚ ਭਗਤ ਜੀ ਪੇਸ਼ ਕਰਦੇ ਹਨ ਕਿ ਇਹਨਾਂ ਬਹੁ-ਪ੍ਰਕਾਰੀ ਦੇਵੀ ਦੇਵਤਿਆਂ ਦੇ ਵੱਟੇ ਮੈਂ ਤਾਂ ਕੇਵਲ ਉਸ ਵਾਹਿਗੁਰੂ ਜੀ ਨੂੰ ਹੀ ਆਪਣਾ ਇਸ਼ਟ ਬਣਾਇਆ ਹੈ। ਵੀਚਾਰ ਕੀਤਿਆਂ ਪਰਤੱਖ ਹੈ ਕਿ ਇਹ ਦੇਵੀ ਦੇਵਤੇ ਭੀ ਤਾਂ ਉਸ ਅਕਾਲ ਪੁਰਖ ਦੀ ਕ੍ਰਿਤ ਹੀ ਹਨ। ਇਹ ਸਾਰੇ ਭੀ ਤਾਂ ਪਰਮੇਸ਼ਰ ਦੀ ਹੀ ਅਰਾਧਨਾ ਕਰ ਰਹੇ ਹਨ—

ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ, ਦੇਵਤਿਆ ਦਰਿ ਨਾਲੇ ॥

(ਸੋ ਦਰੁ ਰਾਗੁ ਆਸਾ ਮ: ੧, ਪੰਨਾ ੪)

ਗੀਤਾ ਦੇ ਗਿਆਰਵੇਂ ਅਧਿਆਇ ਵਿਚ ਭੀ ਸ੍ਰੀ ਕ੍ਰਿਸ਼ਨ ਜੀ ਅਰਜਨ ਨੂੰ ਕਹਿੰਦੇ ਹਨ ਕਿ ਦੇਵੀ ਦੇਵਤੇ (ਮੇਰੇ ਕੋਲੋਂ) ਪਰਮਾਤਮਾ ਕੋਲੋਂ ਦਾਤਾਂ ਲੈ ਕੇ ਆਪਣੇ ਸੇਵਕਾਂ ਵਿਚ ਵੰਡਦੇ ਹਨ। ਜੇ ਪਰਮਾਤਮਾ ਦੇਵਤਿਆਂ ਦੀ ਬੇਨਤੀ ਤੇ ਉਸਦੇ ਕਿਸੇ ਸੇਵਕ ਨੂੰ ਕੋਈ ਦਾਤ ਨਾ ਦੇਣਾ ਚਾਹੇ ਤਾਂ ਉਹ ਇਸ਼ਟ-ਦੇਵ ਕਰ ਹੀ ਕੀ ਸਕਦੈ? ਭਾਵ, ਕੁਝ ਭੀ ਨਹੀਂ। ਇਸ ਬੇ-ਬਸੀ ਵਲ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਸਪੱਸ਼ਟ ਸੰਕੇਤ ਮਿਲਦੇ ਹਨ :–

ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ, ਤਿਸ ਦਾ ਨਫਰੁ ਕਿਥਹੁ ਰਜਿ ਖਾਏ ॥?
ਜਿ ਸਾਹਿਬ ਕੈ ਘਰਿ ਵਥੁ ਹੋਵੈ ਸੁ ਨਫਰੈ ਹਥਿ ਆਵੈ, ਅਨਹੋਦੀ ਕਿਥਹੁ ਪਾਏ ॥ ? (੩੦੬)

ਜਿਸ ਦੇ ਇਸ਼ਟ ਦੇ ਘਰ ਵਿਚ ਜਿਹੜੀ ਵਸਤੂ ਮੌਜੂਦ ਹੈ, ਉਹ ਤਾਂ ਉਸ ਦੇ ਨਫ਼ਰ (ਸੇਵਕ) ਦੇ ਹੱਥ ਆ ਸਕਦੀ ਹੈ, ਪਰ ਜੇ ਇਸ਼ਟ ਦੇ ਪਾਸ ਉਹ ਵਸਤੂ ਹੈ ਹੀ ਨਹੀਂ, ਉਸਦਾ ਸੇਵਕ ਆਪਣੀ ਮਨ-ਚਾਹੀ ਵਸਤੂ ਕਿਥੋਂ ਪ੍ਰਾਪਤ ਕਰ ਸਕਦਾ ਹੈ? ਭਾਵ, ਉਸ ਨੂੰ ਨਹੀਂ ਮਿਲ ਸਕਦੀ। ਇਸ ਲਈ ਅਗਲੀਆਂ ਪੰਗਤੀਆਂ ਵਿਚ ਆਪ ਉਪਦੇਸ਼ ਦਿੰਦੇ ਹਨ :—

ਜਿਸ ਦੀ ਸੇਵਾ ਕੀਤੀ, ਫਿਰਿ ਲੇਖਾ ਮੰਗੀਐ, ਸਾ ਸੇਵਾ ਅਉਖੀ ਹੋਈ ॥
ਨਾਨਕ, ਸੇਵਾ ਕਰਹੁ ਹਰਿ ਗੁਰ ਸਫਲ ਦਰਸਨ ਕੀ, ਫਿਰਿ ਲੇਖਾ ਮੰਗੈ ਨ ਕੋਈ ॥੨॥੧੨॥

(ਮ: ੪, ਗਉੜੀ ਕੀ ਵਾਰ ਮ: ੪, ਪੰਨਾ ੩੦੬)

ਜਿਸ ਇਸ਼ਟ ਦੇਵਤੇ ਦੀ ਸੇਵਾ (ਪੂਜਾ) ਕੀਤਿਆਂ, ਧਰਮਰਾਜ ਦੀ ਦਰਗਾਹ ਵਿਚ ਪਾਪ ਪੁੰਨ ਦਾ ਲੇਖਾ ਭੀ ਦੇਣਾ ਪਵੇ, ਭਾਵ (ਜੀਵਨ) ਮੁਕਤੀ ਨਾ ਮਿਲੇ, ਉਸ ਇਸ਼ਟ ਦੀ ਸੇਵਾ ਦਾ ਕੀ ਫ਼ਾਇਦਾ? ਇਸ ਲਈ ਸਤਿਗੁਰੂ ਜੀ ਉਪਦੇਸ਼ ਕਰਦੇ ਹਨ ਕਿ ਕੇਵਲ ਹਰੀ ਪ੍ਰਭੂ ਦੀ ਹੀ ਅਰਾਧਨਾ ਕਰਨੀ ਉਚਿਤ ਹੈ।



www.AKJ.Org

ਅਨੰਦ ਦੇ ਮੂਲ-ਦਾਤਾ ਉਤਮ ਪੁਰਖ ਪ੍ਰਭੂ-ਪ੍ਰਮਾਤਮਾ ਨੂੰ ਧਿਆਉਣ ਨਾਲ ਦਿਨ ਰਾਤ ਅਨੰਦ-ਮੰਗਲ ਬਣੇ ਰਹਿੰਦੇ ਹਨ। ਧਰਮਰਾਇ ਦੀ ਕਾਣ ਹੀ ਮੁਕ ਜਾਂਦੀ ਹੈ ਅਤੇ ਜਮਦੂਤਾਂ ਦੀ ਮੁਥਾਜੀ ਹੀ ਚੁਕ ਜਾਂਦੀ ਹੈ—

ਅਨਦ-ਮੂਲੁ ਧਿਆਇਓ ਪੁਰਖੋਤਮੁ ਅਨਦਿਨੁ ਅਨਦ ਅਨੰਦੇ ॥
ਧਰਮਰਾਇ ਕੀ ਕਾਣਿ ਚੁਕਾਈ, ਸਭਿ ਚੂਕੇ ਜਮ ਕੇ ਛੰਦੇ ॥੧॥੬॥
(ਬਿਲਾਵਲੁ ਮ: ੪, ਪੰਨਾ ੮੦੦)

ਪ੍ਰਭ ਦੇ ਸੇਵਕ ਦੇ ਨੇੜੇ ਧਰਮਰਾਇ ਨਹੀਂ ਆਉਂਦਾ, ਕਿਉਂਕਿ ਉਹ ਆਪ ਵੀ ਪ੍ਰਭੂ ਦਾ ਥਾਪਿਆ ਹੋਇਆ ਹੀ ਸਭ ਕਾਰ ਕਰਦਾ ਹੈ ਅਤੇ ਉਹ ਜਾਣਦਾ ਹੈ ਕਿ ਪ੍ਰਭੂ-ਪ੍ਰਮਾਤਮਾ ਦੇ ਜੋ ਪਿਆਰੇ ਹਨ ਉਹ ਸਾਰਿਆਂ ਦੇ ਸਤਿਕਾਰ ਯੋਗ ਹਨ। ਪ੍ਰਭੂ-ਪਿਆਰਿਆਂ ਤੋਂ ਬਿਨਾਂ ਸਾਰੀ ਲੁਕਾਈ ਇਧਰ ਉਧਰ ਝਖਾਂ ਮਾਰਦੀ ਫਿਰਦੀ ਹੈ, ਜੋ ਧਰਮਰਾਜ ਦੇ ਲੇਖੇ ਵਿਚ ਆਉਂਦੀ ਹੈ—

ਧਰਮਰਾਇ ਹੈ ਹਰਿ ਕਾ ਕੀਆ, ਹਰਿ ਜਨ ਸੇਵਕ ਨੇੜਿ ਨ ਆਵੈ ॥
ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ, ਹੋਰ ਕੇਤੀ ਝਖਿ ਝਖਿ ਆਵੈ ਜਾਵੈ ॥੧੭॥
(ਗਉੜੀ ਕੀ ਵਾਰ ਮ: ੪, ਪੰਨਾ ੫੫੫)

ਅਤੇ—ਅਧਿਆਤਮੀ ਹਰਿ ਗੁਣਤਾਸੁ ਮਨਿ ਜਪਹਿ ਏਕੁ ਮੁਰਾਰਿ ॥
ਤਿਨ ਕੀ ਸੇਵਾ ਧਰਮਰਾਇ ਕਰੈ ਧੰਨੁ ਸਵਾਰਣਹਾਰੁ ॥੨॥੬੩॥(ਸਿਰੀਰਾਗੁ ਮ: ੩,ਪੰਨਾ ੩੮-੩੯)

ਫਿਰ—ਗੁਰਮਤਿ ਰਾਮ ਨਾਮੁ ਧਨੁ ਪਾਇਆ, ਸੁਣਿ ਕਹਤਿਆ ਪਾਪ ਨਿਵਾਰੇ ॥
ਧਰਮਰਾਇ ਜਮੁ ਨੇੜਿ ਨ ਆਵੈ, ਮੇਰੇ ਠਾਕੁਰ ਕੇ ਜਨ ਪਿਆਰੇ ॥੬॥
(ਨਟ ਮਹਲਾ ੪, ਪੰਨਾ ੯੮੦-੮੧)

ਤਾਂ ਤੇ ਸਤਿਗੁਰੂ ਪਾਤਸ਼ਾਹ ਪ੍ਰਾਣੀ ਨੂੰ ਸਿਖ ਮਤ ਦੇਂਦੇ ਹੋਏ ਦਸਦੇ ਹਨ ਕਿ ਇਕ ਏਕੰਕਾਰ ਪ੍ਰਭੂ ਨੂੰ ਸਿਮਰੋ। ਉਸ ਦਾ ਨਾਮ ਜਪੋ। ਇਸ ਤਰ੍ਹਾਂ ਪ੍ਰਭੂ ਸਿਮਰਨ ਕਰਨ ਨਾਲ ਤੇਰੇ ਪਾਪਾਂ ਦਾ ਨਾਸ ਹੋਵੇਗਾ, ਮਾਇਆ ਦੇ ਧੰਧਿਆਂ ਵਿਚ ਨਹੀਂ ਫਸੇਂਗਾ, ਜਮਾਂ ਦੀ ਮਾਰ ਤੋਂ ਬਚ ਜਾਏਂਗਾ, ਧਰਮਰਾਜ ਦੇ ਦੂਤ ਤੇਰੇ ਵਲ ਝਾਕ ਵੀ ਨਹੀਂ ਸਕਣਗੇ, ਸਗੋਂ ਜਿਥੇ ਤੂੰ ਆਪ ਉਧਰੇਂਗਾ ਉਥੇ ਤੇਰੇ ਤੁਫ਼ੈਲ ਹੋਰਨਾਂ ਦਾ ਵੀ ਉਧਾਰ ਹੋਵੇਗਾ। ਤੇਰੇ ਜਨਮ ਮਰਨ ਦੇ ਲੇਖੇ ਮੁਕ ਜਾਣਗੇ-

ਇਹ ਕਾਰਜਿ ਤੇਰੇ ਜਾਹਿ ਬਿਕਾਰ ॥ ਸਿਮਰਤ ਰਾਮ ਨਾਹੀ ਜਮ ਮਾਰ ॥
ਧਰਮਰਾਇ ਕੇ ਦੂਤ ਨ ਜੋਹੈ ॥ ਮਾਇਆ ਮਗਨ ਨ ਕਛੂਐ ਮੋਹੈ ॥੨॥
ਉਧਰਹਿ ਆਪਿ ਤਰੈ ਸੰਸਾਰੁ ॥ ਰਾਮ ਨਾਮ ਜਪਿ ਏਕੰਕਾਰੁ ॥......੯੭॥
(ਗਉੜੀ ਗੁ: ਮ: ੫, ਪੰਨਾ ੧੮੫)

ਅਤੇ-ਹਰਿ ਦਰੁ ਸੇਵੇ ਅਲਖ ਅਭੇਵੇ, ਨਿਹਚਲੁ ਆਸਣੁ ਪਾਇਆ ॥
ਤਹ ਜਨਮ ਨ ਮਰਣੁ, ਨ ਆਵਣ ਜਾਣਾ, ਸੰਸਾ ਦੂਖੁ ਮਿਟਾਇਆ ॥
ਚਿਤ੍ਰ ਗੁਪਤ ਕਾ ਕਾਗਦੁ ਫਾਰਿਆ, ਜਮਦੂਤਾ ਕਛੂ ਨ ਚਲੀ ॥
ਨਾਨਕੁ ਸਿਖ ਦੇਇ ਮਨ ਪ੍ਰੀਤਮ, ਹਰਿ ਲਦੇ ਖੇਪ ਸਵਲੀ ॥੩॥੧॥੨॥
(ਸਿਰੀਰਾਗੁ ਮ: ੫, ਪੰਨਾ ੭੯)

ਅਕਾਲ ਪੁਰਖ ਦੀ ਪੂਜਾ ਕਰਨ ਨਾਲ ਦੋ ਸਿਧਾਂਤ ਸਪੱਸ਼ਟ ਹੁੰਦੇ ਹਨ। ਪਹਿਲਾ ਤਾਂ ਇਹ ਕਿ—

ਸਤਿਗੁਰੁ ਸੇਵੇ ਸੋ ਜੋਗੀ ਹੋਇ ॥ ਭੈ ਰਚਿ ਰਹੈ ਸੁ ਨਿਰਭਉ ਹੋਇ ॥ ਜੈਸਾ ਸੇਵੈ ਤੈਸਾ ਹੋਇ ॥੪॥
(ਗਉੜੀ ਮ: ੧, ਪੰਨਾ ੨੨੩–੨੪

ਕੇਵਲ ਉਸ ਗੁਰੂ ਵਾਹਿਗੁਰੂ ਜੀ ਦੇ ਭੈ ਵਿਚ ਰਹਿ ਕੇ ਪਰਮੇਸ਼ਰ ਦੀ ਅਰਾਧਨਾ ਕਰਨ ਵਾਲਾ ਉਸ ਵਾਂਗ


www.AKJ.Org

ਨਿਰਭਉ ਹੋ ਜਾਂਦਾ ਹੈ, ਕਿਉਂਕਿ ਸਿਧਾਂਤ ਇਹ ਹੈ ਕਿ ਮਨੁਖ ਜਿਸ ਇਸ਼ਟ ਦੀ ਪੂਜਾ ਕਰਦਾ ਹੈ ਉਹੋ ਜਿਹੇ ਇਸ਼ਟ ਵਰਗਾ ਉਹਦਾ ਰੂਪ, ਤੇ ਸੁਭਾਅ ਬਣ ਜਾਂਦਾ ਹੈ। ਅਤੇ ਦੂਜਾ ਸਿੱਟਾ ਇਹ ਨਿਕਲਦਾ ਹੈ ਕਿ ਦੇਵੀ ਦੇਵਤਿਆਂ ਦੀ ਪੂਜਾ ਤੋਂ ਉਪਰ ਇਕ ਅਕਾਲ ਪੁਰਖ ਦੀ ਪੂਜਾ ਹੀ ਸੋਭਨੀਕ ਹੈ, ਕਿਉਂਕਿ ਪੁਰਖ ਨੂੰ ਜਪ ਕੇ ਸੇਵਕ ਵਿਚ ਨਾਰੀ ਦੇ ਨਹੀਂ, ਪੁਰਖ ਦੇ ਹੀ ਗੁਣ ਪੈਦਾ ਹੁੰਦੇ ਹਨ।

ਇਸੁ ਜਗ ਮਹਿ ਪੁਰਖੁ ਏਕੁ ਹੈ, ਹੋਰ ਸਗਲੀ ਨਾਰਿ ਸਬਾਈ ॥
ਸਭਿ ਘਟ ਭੋਗਵੈ ਅਲਿਪਤੁ ਰਹੈ, ਅਲਖੁ ਨ ਲਖਣਾ ਜਾਈ ॥
ਪੂਰੈ ਗੁਰਿ ਵੇਖਾਲਿਆ, ਸਬਦੇ ਸੋਝੀ ਪਾਈ॥
ਪੁਰਖੈ ਸੇਵਹਿ ਸੇ ਪੁਰਖ ਹੋਵਹਿ, ਜਿਨੀ ਹਉਮੈ ਸਬਦਿ ਜਲਾਈ ॥੨॥੧੫॥

(ਮ: ੩, ਵਡਹੰਸ ਕੀ ਵਾਰ, ਪੰਨਾ ੫੯੧–੯੨)

ਭਾਵ, ਜਗਤ ਦੀ ਰਚਨਾ ਵਿਚ ਪੁਰਖ ਤਾਂ ਕੇਵਲ ਅਕਾਲਪੁਰਖ ਹੀ ਹੈ, ਬਾਕੀ ਰਚਨਾ ਉਸ ਦੀ ਨਾਰੀ ਹੈ, ਜਿਸ ਨੂੰ ਉਹ ਆਪ ਭੋਗਦਾ ਹੈ ਗੁਪਤ ਅਤੇ ਅਲੇਪ ਰਹਿ ਕੇ। ਪਰ ਇਸ ਖੇਲ ਦਾ ਵਰਨਣ ਨਹੀਂ ਕੀਤਾ ਜਾ ਸਕਦਾ ਕਿ ਉਹ ਕਿਵੇਂ ਸ੍ਰਿਸ਼ਟੀ ਨੂੰ ਭੋਗਦਾ ਹੈ। ਹਾਂ ਪੂਰੇ ਗੁਰੂ ਨੇ ਇਸ ਗੁਪਤ ਖੇਲ ਨੂੰ ਸ਼ਬਦ ਰਾਹੀਂ (ਮੇਰੇ ਉਤੇ) ਪਰਗਟ ਕੀਤਾ ਕਿ ਜੋ ਅਕਾਲ ਪੁਰਖ ਨੂੰ ਜਪਦੇ ਹਨ, ਉਸਦੀ ਭਗਤੀ ਕਰਦੇ ਹਨ, ਉਹ ਉਸ ਦਾ ਰੂਪ ਹੋ ਜਾਂਦੇ ਹਨ। ਕੇਵਲ ਉਹ ਲੋਕ, ਜੋ ਗੁਰੂ ਦੇ ਸ਼ਬਦ ਰਾਹੀਂ ਆਪਣੀ ਹਸਤੀ ਮਿਟਾ ਲੈਂਦੇ ਹਨ, ਅਕਾਲ ਪੁਰਖ ਵਿਚ ਸਮਾਅ ਜਾਦੇ ਹਨ।

ਇਸ ਲਈ ਗੁਰਮਤੀ ਕਦਰਾਂ ਦੇ ਸੰਦਰਭ ਵਿਚ ਇਹ ਸਚਿਆਈ ਸੰਤਾਂ ਮਹਾਂਪੁਰਖਾਂ ਤੋਂ ਸੁਣਦੇ ਆ ਰਹੇ ਹਾਂ–

ਪੂਜਾ ਕੇਵਲ ਅਕਾਲ ਕੀ। ਪਰਚਾ (ਅਭਿਆਸ ਕਰਨਾ) ਗੁਰ-ਸ਼ਬਦ ਕਾ।
ਦੀਦਾਰ–ਖਾਲਸੇ ਕਾ। ਟੇਕ– ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਕੀ।

## ਗੁੰਮ ਹਨ ਲਾਲੀਆਂ

ਸ: ਅਤਰ ਸਿੰਘ 'ਨੀਰ', ਦਿੱਲੀ

ਐ ਮੇਰੇ ਦੇਸ਼ ! ਤੂੰ ਕਿਧਰ ਨੂੰ ਜਾ ਰਿਹਾ ?
ਪੈਰ ਕਿਹੜੀ ਡਗਰ ਉਤੇ ਪਾ ਰਿਹਾ ?
ਕਿਸ ਰਾਹ ਉਤੇ ਕਦਮ ਤੇਰੇ ਵਧ ਰਹੇ ?
ਕਿਸ ਰਾਹ ਨੂੰ ਨੈਣ ਤੇਰੇ ਤਕ ਰਹੇ ?
ਢੰਗ ਤੇਰੀ ਸੋਚ ਦੇ ਬਦਲੇ ਹੋਏ।
ਰੰਗ ਤੇਰੀ ਲੋਚ ਦੇ ਬਦਲੇ ਹੋਏ।
ਦੇ ਰਹੇ ਨੇ ਝਾਂਵਲੇ ਕੁਝ ਹੋਰ ਹੋਰ।
ਆਪਸੀ ਖ਼ਿਆਲਾਂ ਦੀ ਟੁਟੀ ਡੋਰ ਡੋਰ।
ਦੰਦ-ਜੀਭ ਦੇ ਵਿਸ਼ਵਾਸ ਵਿਚ ਫ਼ਰਕ ਹੁਣ।
ਇਕ ਦੂਏ ਲਈ ਵੀ ਕਸ਼ਸ਼ ਦਾ ਖ਼ਤਮ ਗੁਣ।
ਸਮਝ ਤੋਂ ਹੀ ਬਾਹਰ ਹੋ ਰਹੀ ਸਭ ਗੱਲ।
ਮਾਲੀ ਚਮਨ ਦੇ ਵੇਖਦੇ ਨਹੀਂ ਚਮਨ ਵੱਲ।
ਮੁਰਝਾ ਰਹੇ ਸਾਰੇ ਫੁਲ ਪੱਤੇ ਡਾਲੀਆਂ।
ਵਿਚ ਬਹਾਰਾਂ ਦੇ ਵੀ, ਗੁੰਮ ਹਨ ਲਾਲੀਆਂ।

ਨਹੁੰ ਅਤੇ ਮਾਸ ਨੂੰ ਵੀ ਅਜ ਸਹਿਮ ਹੈ।
ਇਕ ਦੂਜੇ ਦੇ ਉਤੇ ਵੀ ਅਜ ਵਹਿਮ ਹੈ।
ਹਰ ਤਰਫ਼ ਹੀ ਹਰ ਦਿਲ ਉਤੇ ਸ਼ੱਕ ਹੈ।
ਹੱਕ ਕਹਿਣਾ ਵੀ ਬੜਾ ਅਨਹੱਕ ਹੈ।
ਮਨੁਖ ਹੋਇਆ, ਦੂਰ ਹੈ ਅਜ ਧਰਮ ਤੋਂ।
ਅਜ਼ਾਦ ਹੋਇਆ ਅਜ਼ਾਦ ਆਪਣੇ ਕਰਮ ਤੋਂ।
ਨੈਣਾਂ ਦੇ ਵਿਚ ਨੂਰ ਦੀ ਥਾਂ ਘੂਰ ਹੈ।
ਰੌਸ਼ਨੀ ਹੁੰਦਿਆਂ, ਰੌਸ਼ਨੀ ਤੋਂ ਦੂਰ ਹੈ।
ਸੰਭਾਲੋ ਕਦਮ ਹੁਣ, ਟੋਏ ਪੂਰੋ ਸਾਥੀਓ।
ਸ਼ਿਖਰਾਂ ਨੂੰ ਛੋਹਣ ਲਈ, ਰਲ ਤੁਰੋ ਸਾਥੀਓ।
ਇਕ ਦੂਏ ਨੂੰ ਸਮਝੋ, ਸੰਗ ਸੰਗ ਹੈ ਚਲਣਾ।
ਸਤਿਕਾਰ-ਭਾਵਨਾ ਵਿਚ ਫੁਲਣਾ ਤੇ ਫਲਣਾ।
'ਨੀਰ' ਸਿੱਧਾ ਰਾਹ ਇਹੋ ਹੀ ਕਲਿਆਨ ਦਾ।
ਦੇਸ਼-ਵਾਸੀ ਸਾਥੀਆਂ ਨੂੰ ਉਚੇ ਲਿਜਾਣ ਦਾ।



www.AKJ.Org

# ਖ਼ਾਲਸੇ ਦੀ ਕਿਰਪਾਨ ਨੂੰ ਵੰਗਾਰ

(ਕੈਪਟਿਨ ਸਵਰਨ ਸਿੰਘ ਜੀ)

ਅਹਿਮਦ ਸ਼ਾਹ ਦੁਰਾਨੀ ਨੇ ਅਫ਼ਗਾਨਿਸਤਾਨ ਤੋਂ ਹਿੰਦੁਸਤਾਨ ਤੇ ਚੜ੍ਹਾਈ ਕੀਤੀ ਤਾਂ ਉਸ ਨੇ ਆਉਂਦਿਆਂ ਹੀ ੧੨ ਜਨਵਰੀ ੧੭੪੮ ਨੂੰ ਲਾਹੌਰ ਤੇ ਕਬਜ਼ਾ ਕਰ ਲਿਆ। ਜਲ੍ਹੇ ਖ਼ਾਨ ਕਸੂਰੀ ਪਠਾਣ ਨੂੰ ਲਾਹੌਰ ਦਾ ਹਾਕਮ ਥਾਪਿਆ, ਮੋਮਨ ਖ਼ਾਨ ਨੂੰ ਉਸ ਦਾ ਨਾਇਬ ਅਤੇ ਲਖਪਤ ਰਾਏ ਨੂੰ ਦੀਵਾਨ। ਇਹ ਪਰਬੰਧ ਕਰ ਕੇ ਉਸ ਨੇ ਦਿਲੀ ਨੂੰ ਸੋਧਣ ਤੇ ਲੁਟਣ ਲਈ ਚਾਲੇ ਪਾ ਦਿਤੇ, ਪਰ ਰਸਤੇ ਵਿਚ ਨੂਰਦੀ ਸਰਾਂ ਅਤੇ ਵੈਰੋਂਵਾਲ ਡੇਰਾ ਕੀਤਿਆਂ, ਸਿੰਘ ਅਚਣਚੇਤ ਬਾਜ਼ ਵਾਂਗ ਆ ਪਏ ਅਤੇ ਜੰਗੀ ਸਮਾਨ ਅਤੇ ਹੋਰ ਜੋ ਕੁਝ ਉਨ੍ਹਾਂ ਦੇ ਹੱਥ ਲਗਾ ਖੋਹ-ਖਿੰਜ ਕੇ ਤਿਤਰ ਬਿਤਰ ਹੋ ਗਏ। ਅਹਿਮਦ ਸ਼ਾਹ ਉਸ ਸਮੇਂ ਸਿੰਘਾਂ ਨਾਲ ਉਲਝਣ ਵਿਚ ਆਪਣੀ ਸ਼ਕਤੀ ਖੀਨ ਨਹੀਂ ਸੀ ਕਰਨਾ ਚਾਹੁੰਦਾ ਅਤੇ ਉਹ ਸਿੰਘਾਂ ਦੀ ਲੁਟ-ਖੋਹ ਦੀ ਪਰਵਾਹ ਨਾ ਕਰਦਾ ਹੋਇਆ ਅਗਾਂਹ ਨਿਕਲ ਗਿਆ। ਇਸ ਸਮੇਂ ਸ: ਸੁਖਾ ਸਿੰਘ, ਚੜ੍ਹਤ ਸਿੰਘ ਤੇ ਕੁਝ ਹੋਰ ਸਰਦਾਰਾਂ ਨੇ ਆਪਣੇ ਸਾਥੀ ਸਿੰਘਾਂ ਸਮੇਤ ਕਲਾਨੌਰ ਜਾ ਡੇਰੇ ਲਾਏ।

ਸਿੰਘਾਂ ਦੇ ਇਨ੍ਹਾਂ ਹਮਲਿਆਂ ਦੀ ਖ਼ਬਰ ਲਾਹੌਰ ਪੁਜਣ ਤੇ ਦੀਵਾਨ ਲਖਪਤ ਰਾਏ ਨੇ ਸਿੰਘਾਂ ਨੂੰ ਸੋਧਣ ਲਈ ਲਾਹੌਰ ਦੇ ਹਾਕਮ ਨੂੰ ਖ਼ੂਬ ਚਮਕਾਇਆ ਅਤੇ ਮੋਮਨ ਖ਼ਾਨ ਕਸੂਰੀਏ ਦੀ ਕਮਾਨ ਹੇਠ ਦੁਰਾਨੀ ਅਤੇ ਲਾਹੌਰੀ ਫ਼ੌਜਾਂ ਕਲਾਨੌਰ ਵਲ ਚੜ੍ਹਾ ਭੇਜੀਆਂ।

ਇਸ ਤੋਂ ਪਹਿਲਾਂ ਕਿ ਮੋਮਨ ਖ਼ਾਨ ਦੀਆਂ ਲਾਹੌਰੀ ਫ਼ੌਜਾਂ ਤੇ ਦੁਰਾਨੀ ਫੌਜਾਂ ਮਿਲ ਕੇ ਸਿੰਘਾਂ ਨੂੰ ਘੇਰੇ ਵਿਚ ਲੈ ਲੈਣ, ਸਿੰਘ ਦਰਿਆਉਂ ਪਾਰ ਹੋ ਗਏ। ਇਹ ਦੁਰਾਨੀ ਫ਼ੌਜ ਲਾਹੌਰੋਂ ਮਾਰੋ ਮਾਰ ਕਰਦੀ ਆਈ ਸੀ ਕਿ ਇਕ ਤਾਂ ਸਿੱਖ ਮਾਰਨ ਦਾ ਸਵਾਬ ਮਿਲੇਗਾ ਤੇ ਦੂਜਰਾ ਲਾਹੌਰੀ ਫ਼ੌਜ ਉਤੇ ਆਪਣੀ ਤਾਕਤ ਤੇ ਬਰਤਰੀ ਦਾ ਸਿੱਕਾ ਬਿਠਾ ਲਵੇਗੀ। ਪਰ ਸ਼ਿਕਾਰ ਹਥੋਂ ਨਿਕਲ ਗਿਆ ਵੇਖ ਕੇ ਅਫ਼ਗਾਨ ਬੜੇ ਤਲੀਉ-ਮੱਛੀ ਹੋਏ, ਦੰਦ ਪੀਹਣ ਲੱਗੇ। ਪਰ ਹੁਣ ਬਣ ਕੁਝ ਨਹੀਂ ਸੀ ਸਕਦਾ। ਮੋਮਨ ਖ਼ਾਨ ਸਿੱਖਾਂ ਦੀ ਖੋ ਤੋਂ ਵਾਕਿਫ਼ ਸੀ ਅਤੇ ਸਮਝਦਾ ਸੀ ਕਿ ਜੇ ਇਨ੍ਹਾਂ ਦੀ ਗ਼ੈਰਤ ਨੂੰ ਵੰਗਾਰਿਆ ਜਾਵੇ ਤਾਂ ਇਹ ਥੋੜਿਆਂ ਬਹੁਤਿਆਂ ਤੇ ਨਫ਼ੇ ਨੁਕਸਾਨ ਦੀਆਂ ਸੋਚਾਂ ਵਿਚਾਰਾਂ ਛੱਡ ਕੇ ਮੈਦਾਨ ਵਿਚ ਆ ਡਟਦੇ ਹਨ ਤੇ ਆਪਣੀ ਅਣਖ ਤੇ ਮਰ ਮਿਟਦੇ ਹਨ।

ਮੋਮਨ ਖ਼ਾਨ ਨੇ ਇਹ ਮਿਥ ਕੇ ਅਫ਼ਗਾਨ ਅਫ਼ਸਰਾਂ ਵਲੋਂ ਸਿੰਘਾਂ ਨੂੰ ਇਕ ਚਿੱਠੀ ਲਿਖਵਾਈ ਕਿ "ਅਸੀਂ ਅਫ਼ਗਾਨ ਅਹਿਮਦ ਸ਼ਾਹ ਦੇ ਭਾਈ-ਬੰਦ ਹਾਂ। ਤੁਸੀਂ ਵੀ ਜਹਾਨ ਵਿਚ ਜੰਗਜੂ ਪਰਸਿਧ ਹੋ। ਅਸੀਂ ਤੁਹਾਡੇ ਨਾਲ ਲੜਾਈ ਵਿਚ ਹੱਥ ਵੇਖਣ ਆਏ ਸਾਂ। ਪਰ ਤੁਸੀਂ ਤਾਂ ਬਿਨ-ਲੜੇ ਹੀ ਕਾਇਰਾਂ ਵਾਂਗ ਪਹਿਲਾਂ ਹੀ ਦੌੜ ਗਏ ਹੋ। ਜੇ ਸੱਚ ਮੁਚ ਦੇ ਸਿੰਘ ਹੋ ਤਾਂ ਆਉ ਮੈਦਾਨ ਵਿਚ ਤਲਵਾਰਾਂ ਨਾਲ ਲੜੋ ਤੇ ਦਿਲਾਂ ਦੀਆਂ ਸਧਰਾਂ ਲਾਹ ਲਈਏ। ਜੇ ਇਸ ਤਰ੍ਹਾਂ ਨਹੀਂ ਲੜਨਾ ਤਾਂ ਇਕ ਦੁਰਾਨੀ ਨਾਲ ਦੋ ਦੋ ਸਿੰਘ ਹੋ ਕੇ ਲੜ ਲਉ। ਬਾਕੀ ਸਾਡੀ ਸਾਰੀ ਫ਼ੌਜ ਦੂਰ ਖੜੀ ਵੇਖਦੀ ਰਹੇਗੀ। ਖ਼ੁਦਾ ਗਵਾਹ ਹੈ, ਅਸੀਂ ਆਪਣੇ ਹਰਫ਼ ਤੇ ਕਾਇਮ ਰਹਾਂਗੇ, ਸਾਡੇ ਵਲੋਂ ਕੋਈ ਦਗਾ ਨਹੀਂ ਹੋਵੇਗਾ। ਜੇ ਲੜ ਨਹੀਂ ਸਕਦੇ ਤਾਂ ਸਿੰਘ ਨਾਮ ਤੇ ਸ਼ਸਤਰ ਛੱਡ ਕੇ ਘਰਾਂ ਨੂੰ ਜਾਉ, ਖੇਤੀ ਵਾਹੀ ਕਰੋ ਤੇ ਜੱਟ ਸਦਵਾਉ।"

ਦੁਰਾਨੀਆਂ ਦੀ ਇਹ ਵੰਗਾਰ ਸਿੰਘਾਂ ਵਿਚਦੀ ਤਾਰ ਵਾਂਗ ਫਿਰ ਗਈ। ਅਗੋਂ ਸਿੰਘਾਂ ਨੇ ਉੱਤਰ ਭੇਜਿਆ, ਤੁਹਾਡੇ ਸਾਡੇ ਜੰਗ ਦਾ ਸੁਆਦ ਤਾਂ ਹੈ ਕਿ ਤੁਹਾਡੀ ਵਲੋਂ ਦਸ ਦੁਰਾਨੀ ਬੰਦੂਕਾਂ ਤਲਵਾਰਾਂ ਲੈ ਕੇ ਆਉਣ, ਇਧਰੋਂ ਕੇਵਲ ਪੰਜ ਭੁਜੰਗੀ ਸਿੰਘ ਰਾਮ-ਜੰਗੇ ਤੇ ਢਾਲਾਂ ਤਲਵਾਰਾਂ ਲੈ ਕੇ ਟਾਕਰੇ ਲਈ ਨਿਤਰਨਗੇ, ਕਿਉਂਕਿ ਸਾਨੂੰ


www.AKJ.Org

ਸਾਡੇ ਸਤਿਗੁਰੂ ਜੀ ਦਾ ਹੁਕਮ ਹੈ ਕਿ ਸਵਾ ਲਖ ਤੁਰਕ ਨਾਲ ਇਕ ਸਿੰਘ ਨੂੰ ਲੜਾਉਣਾ ਹੈ, ਪਰ ਉਹ ਸਮਾਂ ਅਜੇ ਆਇਆ ਨਹੀਂ।"

ਅਫ਼ਗਾਨਾਂ ਨੇ ਅਗੋਂ ਉਤਰ ਘੱਲਿਆ ਕਿ ਸਾਨੂੰ ਬੰਦੂਕਾਂ ਦੀ ਲੜਾਈ ਪਰਵਾਨ ਨਹੀਂ, ਅਸੀਂ ਸਿਰਫ਼ ਸ਼ਮਸ਼ੇਰਾਂ ਤਲਵਾਰਾਂ ਨਾਲ ਹੀ ਲੜਨਾ ਚਾਹੁੰਦੇ ਹਾਂ।

ਸਿੰਘਾਂ ਵਲੋਂ ਅਗੋਂ ਜਵਾਬ ਦੇ ਘਲਾਇਆ ਕਿ ਅਸੀਂ ਤਾਂ ਬੰਦੂਕਾਂ ਦੀ ਲੜਾਈ ਲੜਾਂਗੇ। ਤੁਸਾਂ ਲੜਾਈ ਦੀ ਖ਼ਾਹਿਸ਼ ਜ਼ਾਹਰ ਕੀਤੀ ਹੈ, ਆਉ ਨਜ਼ਾਰੇ ਵੇਖ ਲਈਏ।

ਖ਼ੈਰ ਗੱਲ ਕਿਸੇ ਸਿਰੇ ਨਾ ਲੱਗੀ। ਸਿੰਘ ਬੰਦੂਕਾਂ ਦੀ ਲੜਾਈ ਪਰ ਅੜੇ ਰਹੇ, ਤੇ ਦੁਰਾਨੀ ਸਿਰਫ਼ ਤਲਵਾਰਾਂ ਨਾਲ ਲੜਨਾ ਚਾਹੁੰਦੇ ਸਨ। ਵਿਚੋਂ ਅਸਲ ਗੱਲ ਇਹ ਸੀ ਕਿ ਅਫ਼ਗਾਨਾਂ ਦੇ ਪਿੰਡਿਆਂ ਤੇ ਜ਼ਰਹ-ਬਕਤਰਾਂ ਪਾਈਆਂ ਹੋਈਆਂ ਸਨ ਤੇ ਸਿਰਾਂ ਤੇ ਲੋਹੇ ਦੇ ਖੋਦ ਸਨ। ਤੇੜ ਲੋਹੇ ਦੀਆਂ ਸੁਥਣੀਆਂ ਚਾੜ੍ਹੀਆਂ ਹੋਈਆਂ ਸਨ। ਉਹ ਸਿਰਾਂ ਤੋਂ ਲੈ ਕੇ ਪੈਰਾਂ ਤਕ ਲੋਹੇ ਵਿਚ ਮੜ੍ਹੇ ਹੋਏ ਸਨ। ਦੂਜੇ ਪਾਸੇ ਸਿੰਘਾਂ ਦੇ ਤਨ ਤੇ ਕਪੜਾ ਵੀ ਪੂਰਾ ਕਿਸੇ ਦੇ ਹੀ ਸੀ। ਸੰਜੋਅ ਚਿਲਤਾ ਤੇ ਖੋਦ ਸ਼ਾਇਦ ਕਿਸੇ ਇਕ ਅਧੇ ਪਾਸ ਹੋਵੇ।

ਦੁਰਾਨੀ ਮੁੜ ਮੁੜ ਤਲਵਾਰਾਂ ਦੀ ਲੜਾਂਈ ਪਰ ਜ਼ੋਰ ਦੇ ਰਹੇ ਸਨ। ਦੂਜੇ ਪਾਸੇ ਸਿੰਘਾਂ ਦੇ ਬੰਦੂਕਾਂ ਦੇ ਨਿਸ਼ਾਨੇ ਦੀ ਦੂਰ ਦੂਰ ਤਕ ਧੁੰਮ ਪਈ ਹੋਈ ਸੀ, ਜਿਸ ਦਾ ਜ਼ਿਕਰ ਸੱਯਦ ਗੁਲਾਮ ਅਲੀ ਆਪਣੀ ਪਰਸਿਧ ਪੁਸਤਕਿ, "ਇਮਾਦੁ ਸਆਦਤ।" ਵਿਚ ਕਰਦਾ ਹੋਇਆ ਲਿਖਦਾ ਹੈ ਕਿ "......... ਉਨ੍ਹਾਂ (ਸਿੰਘਾਂ) ਦੀ ਬੰਦੂਕ ਨੌਂ ਸੌ ਕਦਮਾਂ ਤੇ ਜਾ ਖ਼ਬਰ ਲੈਂਦੀ ਹੈ" ਸਿੰਘਾਂ ਦੇ ਇਸ ਵਸਫ਼ ਨੇ ਦੁਰਾਨੀਆਂ ਦੇ ਦਿਲਾਂ ਤੇ ਬਹੁਤ ਦਹਿਸ਼ਤ ਬਿਠਾਈ ਹੋਈ ਸੀ। ਇਹੋ ਕਾਰਨ ਸੀ ਕਿ ਉਹ ਬੰਦੂਕਾਂ ਨਾਲ ਲੜਾਈ ਵਾਲੇ ਪਾਸੇ ਨਹੀਂ ਸਨ ਆਉਂਦੇ।

ਅਗਲੇ ਦਿਨ ਇਕ ਅਖੜ ਜਿਹਾ ਹਰਕਾਰਾ ਆਇਆ ਤੇ ਬੜੀ ਕੁਰੱਖਤ ਬੋਲੀ ਵਿਚ ਕਹਿਣ ਲੱਗਾ ਕਿ ਜੇ ਤੁਹਾਡੇ ਵਿਚ ਕੋਈ ਦਾੜ੍ਹੀ ਮੁਛ ਵਾਲੇ ਮਰਦ ਹਨ ਤਾਂ ਇਕੱਲਾ ਇਕੱਲਾ ਆ ਕੇ ਤਲਵਾਰ ਨਾਲ ਹੱਥ ਕਰ ਵੇਖੋ। ਤੁਸੀਂ ਗੁਰੂ ਦੇ ਸਿੰਘ ਅਖਵਾਉਂਦੇ ਹੋ, ਤੁਹਾਨੂੰ ਗੁਰੂ ਦੀ ਸੁਗੰਦ ਹੈ ਜੇ ਤੁਸੀਂ ਸਾਡੇ ਨਾਲ ਜਵਾਨਾਂ ਵਾਂਗ ਹੱਥ ਕਰ ਕੇ ਕਿਨਾਰਾ ਨਾ ਕਰੋ। ਫਿਰ ਉਸ ਨੇ ਇਕੱਲੇ ਇਕੱਲੇ ਸਿੰਘ ਦਾ ਨਾਉਂ ਲੈ ਕੇ ਧੁਤਕਾਰਨਾ ਸ਼ੁਰੂ ਕਰ ਦਿੱਤਾ ਕਿ ਗੁਰੂ ਦੇ ਸਿੰਘ ਬਣ ਕੇ ਬਾਣੇ ਨੂੰ ਲਾਜ ਲਾ ਰਹੇ ਹੋ। ਤੁਹਾਡੀ ਇਸ ਸੂਰਮਗਤੀ ਖੁਣੋਂ ਕੀ ਥੁੜਿਆ ਪਿਆ ਹੈ। ਸ਼ਸਤਰ ਛੱਡ ਕੇ ਘਰਾਂ ਨੂੰ ਤੁਰ ਜਾਉ। ਆਪਣੇ ਪੁਰਖਿਆਂ ਦੇ ਨਾਂ ਨੂੰ ਲਾਜ ਨਾ ਲਾਉ।"

ਇਹ ਸੁਣ ਕੇ ਸ: ਚੜ੍ਹਤ ਸਿੰਘ ਨੂੰ ਰੋਹ ਚੜ੍ਹ ਗਿਆ। ਉਸ ਦਾ ਸਰੀਰ ਤਾਂਬੇ ਵਾਂਗ ਭਖ ਉਠਿਆ। ਬੰਦੂਕ ਪਰ੍ਹਾਂ ਰੱਖ, ਖੰਡਾ ਸੂਤ ਕੇ ਦੁਰਾਨੀਆਂ ਦੇ ਟਾਕਰੇ ਲਈ ਤੁਰ ਪਿਆ ਤੇ ਹਰਕਾਰੇ ਨੂੰ ਆਖਿਆ, "ਜਾਹ ਲਿਆ ਆਪਣੀ ਫ਼ੌਜ ਚੋਂ, ਜਿਸ ਨੂੰ ਸਭ ਤੋਂ ਵਡਾ ਸੂਰਮਾ ਮਿਥੀ ਬੈਠੇ ਹੋ।"

ਜਦ ਸਰਦਾਰ ਸੁਖਾ ਸਿੰਘ ਮਾੜੀ ਕੰਬੋਕੀ ਵਾਲੇ ਨੇ ਸਰਦਾਰ ਚੜ੍ਹਤ ਸਿੰਘ ਨੂੰ ਦੁਰਾਨੀਆਂ ਵੱਲ ਇਸ ਤਰ੍ਹਾਂ ਤਿਆਰ ਹੋ ਤੁਰਿਆ ਡਿਠਾ ਤਾਂ ਉਸ ਨੇ ਘੋੜਾ ਛੇੜ ਕੇ ਉਸ ਨੂੰ ਜਾ ਰੋਕਿਆ ਤੇ ਆਖਿਆ, "ਸਿੰਘਾ, ਤੂੰ ਅਜੇ ਚੜ੍ਹਦੀ ਉਮਰ ਦਾ ਮੁੰਡਾ ਹੈਂ। ਰੋਹ, ਬਲ ਦੇ ਨਾਲ ਤਜਰਬੇ ਦੀ ਵੀ ਲੋੜ ਹੈ। ਇਨ੍ਹਾਂ ਦੁਰਾਨੀਆਂ ਵਿਚੋਂ ਹਰ ਕੋਈ ਤੇਰੇ ਨਾਲੋਂ ਚੌਗਣੀ ਤਾਕਤ ਦਾ ਹੈ। ਹਰ ਕੋਈ ਸੰਜੋਆਂ ਜ਼ਰਹ ਬਕਤਰਾਂ ਨਾਲ ਮੜ੍ਹਿਆ ਹੋਇਆ ਹੈ। ਸਰੀਰ ਦਾ ਕੋਈ ਹਿੱਸਾ ਨੰਗਾ ਨਹੀਂ। ਸ਼ਾਇਦ ਇਨ੍ਹਾਂ ਦੀਆਂ ਸੰਜੋਆਂ ਦੀ ਤੂੰ ਇਕ ਕੜੀ ਵੀ ਨਾ ਤੋੜ ਸਕੇਂ। ਦੁਰਾਨੀ ਸਿਪਾਹੀ ਤਾਂ ਇਕ ਪਾਸੇ ਰਹੇ, ਇਨ੍ਹਾਂ ਦੇ ਘੋੜੇ ਵੀ ਲੋਹੇ ਨਾਲ ਮੜ੍ਹੇ ਹੋਏ ਹਨ। ਇਸ ਬਲ ਤੇ ਹੀ ਤਾਂ ਇਹ ਤਲਵਾਰ ਦੀ ਲੜਾਈ ਲਈ ਜ਼ੋਰ ਦੇ ਰਹੇ ਹਨ। ਸਾਡੇ ਪਾਸ ਸੰਜੋਆਂ ਹੈ ਕੋਈ ਨਹੀਂ।"

ਚੜ੍ਹਤ ਸਿੰਘ ਨੇ ਉੱਤਰ ਦਿਤਾ, "ਮੈਂ ਮੰਨਦਾ ਹਾਂ ਕਿ ਮੈਂ ਬਾਲਕ ਹਾਂ, ਮੈਨੂੰ ਬਹੁਤਾ ਤਜਰਬਾ ਨਹੀਂ, ਦੁਰਾਨੀ ਤਕੜੇ ਵੀ ਹਨ ਤੇ ਸੰਜੋਆਂ ਵਿਚ ਡੁਬੇ ਹੋਏ ਹਨ। ਪਰ ਮੈਂ ਜੀਉਂਦੇ-ਜੀ ਪੰਥ ਦੀ ਹਾਨੀ ਵਾਲੇ ਸ਼ਬਦ ਆਪਣੇ ਕੰਨਾਂ ਨਾਲ ਨਹੀਂ ਸੁਣ ਸਕਦਾ। ਪੰਥ ਦੀ ਸ਼ਾਨ ਲਈ ਲੜ ਕੇ ਮਰ ਜਾਣਾ ਮੈਂ ਚੰਗਾ ਸਮਝਦਾ ਹਾਂ। ਜਿਤ ਹਾਰ



www.AKJ.Org

ਜਾਂ ਮਰਨਾ ਮਾਰਨਾ ਸਤਿਗੁਰੂ ਦੇ ਹੱਥ ਹੈ, ਪਰ ਸਾਹਿਸ ਤੇ ਉੱਦਮ ਕਰਨਾ ਤਾਂ ਸਿੰਘ ਦਾ ਧਰਮ ਹੈ । ਮੈਂ ਸਿੰਘਾਂ ਵਿਚ ਜੰਮ-ਪਲ ਕੇ ਸਿੰਘ ਸਜਿਆ ਹਾਂ । ਸਿੰਘਾਂ ਨੂੰ ਵੰਗਾਰ ਕੇ ਇਹ ਦੁਰਾਨੀ ਜਾਣਗੇ ਕਿਥੇ ? ਤੁਸੀਂ ਜ਼ਰਾ ਜਲਵਾ ਵੇਖੋ । ਸਤਿਗੁਰੂ ਦੀ ਕਿਰਪਾ ਨਾਲ ਮੈਂ ਟਾਕਰੇ ਲਈ ਆਏ ਦੁਰਾਨੀ ਦੇ ਸੰਜੋਆਂ ਸਮੇਤ ਪੁਰਜ਼ੇ ਉਡਾ ਦਿਆਂਗਾ । ਭਰੋਸਾ ਰਖੋ, ਮੈਂ ਪੰਥ ਦੀ ਸ਼ਾਨ ਨੂੰ ਵੱਟਾ ਨਹੀਂ ਲਗਣ ਦੇਂਦਾ ।"

ਇਹ ਸੁਣ ਕੇ ਸੁਖਾ ਸਿੰਘ ਗਦ-ਗਦ ਹੋ ਗਿਆ । ਆਖਿਆ, "ਮੁੰਡਿਆ, ਤੈਥੋਂ ਬਲਿਹਾਰ ਹਾਂ । ਤੂੰ ਧੰਨ ਹੈਂ । ਪਰ ਤੂੰ ਹੁਣ ਖੜੋ ਕੇ ਨਜ਼ਾਰਾ ਤੱਕ ਅਤੇ ਦੁਰਾਨੀ ਨਾਲ ਸਾਡੀ ਚਾਲ ਤੇ ਹੱਥ ਵੇਖ ।" ਸੁਖਾ ਸਿੰਘ ਨੇ ਇੰਜ ਚੜ੍ਹਤ ਸਿੰਘ ਨੂੰ ਰੋਕ ਕੇ ਆਪ ਸੰਜੋਅ ਅਤੇ ਫੌਲਾਦੀ ਦਸਤਾਨੇ ਸਜਾਏ । ਸਿਰ ਤੇ ਖੋਦ ਟਿਕਾਈ । ਘੋੜੇ ਤੇ ਉਹ ਪ੍ਰਾਖਰ ਪਾਈ, ਜੋ ਗਿਲਜ਼ਈਆਂ ਪਾਸੋਂ ਖੋਹੀ ਹੋਈ ਸੀ । ਪੇਸ਼ਕਬਜ਼ ਤੇ ਦੋ ਸਰੋਹੀਆਂ ਗਾਤਰੇ ਸਜਾ ਕੇ ਢਾਲ ਲੈ ਕੇ ਤਿਆਰ ਹੋ ਗਿਆ । ਪੰਜਾਂ ਸਿੰਘਾਂ ਨੇ ਅਰਦਾਸ ਕੀਤੀ । ਸੁਖਾ ਸਿੰਘ ਨੇ ਮੱਥਾ ਟੇਕ ਕੇ ਚਾਲੇ ਪਾ ਦਿਤੇ । ਘੋੜਾ ਛੇੜ ਕੇ ਸੰਨ੍ਹ ਵਾਲੀ ਪਾਣੀ ਦੀ ਫਾਟ ਲੰਘ ਕੇ ਦਰਿਆ ਦੀ ਬਰੇਤੀ ਤੇ ਜਾ, ਦੁਰਾਨੀਆਂ ਨੂੰ ਲਲਕਾਰਿਆ ।

ਮਿਥਿਆ ਇਹ ਗਿਆ ਸੀ ਕਿ ਲੜਾਈ ਦਰਿਆ ਵਿਚਕਾਰ ਪਈ ਬਰੇਤੀ ਉਤੇ ਹੋਵੇਗੀ । ਦੋਵੇਂ ਧਿਰਾਂ ਕੰਢਿਆਂ ਤੇ ਖੜ੍ਹੋ ਕੇ ਆਪਣੇ ਆਪਣੇ ਸੂਰਮੇ ਨੂੰ ਲੜਦਾ ਵੇਖਣਗੀਆਂ । ਕੋਈ ਅੱਗੇ ਹੋ ਕੇ ਦਖ਼ਲ ਨਹੀਂ ਦੇਵੇਗਾ । ਜਿਤ ਹਾਰ ਇਕ ਧਿਰ ਦੀ ਮੌਤ ਨਾਲ ਹੋਵੇਗੀ ।

ਦੁਰਾਨੀਆਂ ਵਾਲੇ ਪਾਸਿਓਂ ਇਕ ਮੁਨਾਰੇ ਵਰਗਾ ਡਾਢਾ ਜਵਾਨ ਸੰਜੋਅ ਖੋਦ ਨਾਲ ਢਕਿਆ ਹੋਇਆ, "ਯਾ ਐਲੀ, ਯਾ ਐਲੀ," ਦੇ ਨਾਅਰੇ ਮਾਰਦਾ ਹੋਇਆ ਘੋੜਾ ਭਜਾ ਕੇ ਬਰੇਤੀ ਤੇ ਆ ਨਿਤਰਿਆ । ਤੇ ਆਉਂਦੇ ਸਾਰ ਹੀ ਸ: ਸੁਖਾ ਸਿੰਘ ਉਤੇ ਟੁਟ ਪਿਆ । ਲੜਾਈ ਸ਼ੁਰੂ ਹੋ ਪਈ । ਦੋਹਾਂ ਦਾ ਬਰਾਬਰ ਦਾ ਜੋੜ ਸੀ । ਵਦਾਨਾਂ ਵਾਂਗ ਢਾਲਾਂ ਉਤੇ ਸੱਟਾਂ ਪੈਣ ਲਗੀਆਂ । ਜਦ ਬਿਜਲੀ ਸਮਾਨ ਲਿਸ਼ਕਦੀਆਂ ਤੇਗਾਂ ਆਪੋ ਵਿਚ ਟਕਰਾਉਂਦੀਆਂ ਤਾਂ ਚੰਗਿਆੜੇ ਝੜ ਝੜ ਪੈਂਦੇ । ਲੜਦੇ ਲੜਦੇ ਦੋਵੇਂ ਸੂਰਮੇ ਜ਼ਖ਼ਮੀ ਹੋ ਗਏ । ਉਨ੍ਹਾਂ ਦੇ ਘੋੜੇ ਵੀ ਜ਼ਖ਼ਮਾਂ ਤੇ ਥਕੇਵੇਂ ਨਾਲ ਚੂਰ ਹੋ ਚੁਕੇ ਸਨ । ਇਕ ਵਾਰ ਲੜਦੇ ਹੋਏ ਦੋਵੇਂ ਯੋਧੇ ਇੰਨੇ ਲਾਗੇ ਹੋ ਗਏ ਕਿ ਜਫੋ-ਜਫੀ ਹੋਏ ਜ਼ਮੀਨ ਤੇ ਆ ਡਿਗੇ । ਇਸ ਵੇਲੇ ਸੁਖਾ ਸਿੰਘ ਨੇ ਦੁਰਾਨੀ ਉਤੇ ਇਕ ਦਾਉ ਭਰ ਲਿਆ । ਉਸ ਨੇ ਆਪਣੀ ਗਿੱਚੀ ਉਠਾਈ ਤੇ ਦੁਰਾਨੀ ਦੀ ਸੰਜੋਅ ਚੁਕ ਕੇ ਕਟਾਰ ਉਸ ਦੇ ਢਿਡ ਵਿਚ ਖੋਭ ਦਿਤੀ । ਦੁਰਾਨੀ ਨੂੰ ਮਾਰ ਮੁਕਾ ਕੇ ਸੁਖਾ ਸਿੰਘ ਨੇ ਗੱਜ ਕੇ ਫ਼ਤਿਹ ਬੁਲਾਈ ।

ਜੈਕਾਰਾ ਛੁਟਣ ਦੀ ਦੇਰ ਸੀ ਕਿ ਸਾਹਮਣੇ ਮਰੇ ਪਏ ਸਾਥੀ ਨੂੰ ਵੇਖ ਕੇ ਗੁੱਸੇ ਵਿਚ ਆਏ ਦੁਰਾਨੀਆਂ ਨੇ ਹੱਲਾ ਬੋਲ ਦਿਤਾ । ਰੱਬ ਨੂੰ ਗਵਾਹ ਮੰਨਿਆ ਸੀ, ਸੋ ਸਭ ਭੁਲ ਗਏ । ਸਿੰਘ ਵੀ ਤਿਆਰ-ਬਰ-ਤਿਆਰ ਖੜੇ ਸਨ, ਕਿਉਂਕਿ ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਅਫ਼ਗਾਨ ਆਪਣੇ ਬੋਲ ਤੇ ਕਸਮ ਦੇ ਕਿੰਨੇ ਕੁ ਪੱਕੇ ਹੁੰਦੇ ਹਨ ।

ਚੜ੍ਹਤ ਸਿੰਘ ਘੋੜਾ ਭਜਾ ਕੇ ਬਿਜਲੀ ਵਾਂਗ ਗਿਆ ਤੇ ਸੁਖਾ ਸਿੰਘ ਨੂੰ ਬਾਹੋਂ ਫੜ ਕੇ ਘੋੜੇ ਤੇ ਚੜ੍ਹਾ ਉਰਾਰ ਸਿੰਘਾਂ ਪਾਸ ਲੈ ਆਇਆ । ਜਿਹੜੇ ਦੁਰਾਨੀ ਹੱਲਾ ਕਰ ਕੇ ਅਗੇ ਵਧੇ ਸਨ, ਉਨ੍ਹਾਂ ਨਾਲ ਸਿੰਘ ਜੁਟ ਪਏ । ਤੇ ਮਾਰ ਮਾਰ ਕੇ ਉਨ੍ਹਾਂ ਨੂੰ ਪਿਛਾਂਹ ਹਟਾ ਦਿਤਾ ।* ਦੁਰਾਨੀਆਂ ਦਾ ਐਸਾ ਹੰਕਾਰ ਟੁਟਾ ਕਿ ਫਿਰ ਕਦੀ ਸਿੰਘਾਂ ਨੂੰ ਵੰਗਾਰ ਕੇ ਐਸੀ ਖੇਡ ਖੇਡਣ ਦਾ ਉਨ੍ਹਾਂ ਨੂੰ ਹੌਸਲਾ ਨਹੀਂ ਪਿਆ ।

ਸੰਨ ੧੮੪੨ ਈਸਵੀ ਤਕ ਸਿੰਘ ਤੇ ਪਠਾਣਾਂ ਦੀ ਤਲਵਾਰੀ ਖਹਿ ਮਖਹਿ ਹੁੰਦੀ ਰਹੀ । ਪਰ ਕੀ ਮਜਾਲ ਜੁ ਫਿਰ ਕਦੀ ਇੰਜ ਵੰਗਾਰਨ ਦਾ ਕਿਸੇ ਨੂੰ ਸੁਪਨਾ ਵੀ ਆਇਆ ਹੋਵੇ ।

(ਮਈ ਤੇ ਜੂਨ, ੮੭ 'ਸੂਰਾ" ਅੰਕਾਂ ਵਿਚੋਂ)

---

*ਸ: ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੨੫੦—੫੫, ਦੂਜੀ ਛਾਪ, ਦਸੰਬਰ ੧੯੬੨



www.AKJ.Org

# ਖ਼ੂਬੁ ਤੇਰੀ ਪਗਰੀ

[ਪ੍ਰੋ: ਹਰਨਾਮ ਸਿੰਘ ਜੀ, W-139, ਗਰੇਟਰ ਕੈਲਾਸ਼-1 ਨਵੀਂ ਦਿੱਲੀ-110048]

ਇਸ ਮਹਾਂਵਾਕ ਵਿਚ ਪਗਰੀ ਦੀ ਸ਼ਲਾਘਾ ਕੀਤੀ ਗਈ ਹੈ। ਭਗਤ ਨਾਮਦੇਵ ਜੀ ਨੂੰ ਪਗੜੀ ਵਾਲੇ ਸਰੂਪ ਵਿਚ ਆਪਣੇ ਅੰਤਰ ਆਤਮੇ ਵਾਹਿਗੁਰੂ ਜੀ ਦੇ ਦੀਦਾਰ ਹੋਏ ਤੇ ਆਪ ਵਜਦ ਵਿਚ ਆ ਕੇ ਉਸ ਵਾਹਿਗੁਰੂ ਦੇ ਗੁਣ ਗਾਣ ਲਗ ਪਏ।

ਕੁਝ ਇਕ ਵਿਚਾਰਵਾਨਾਂ ਨੇ ਭਗਤ ਜੀ ਦੇ ਇਸ ਸ਼ਬਦ

'ਹਲੇ ਯਾਰਾਂ ਹਲੇ ਯਾਰਾਂ ਖੁਸਿਖਬਰੀ ॥' ਤਿਲੰਗ ਨਾਮਦੇਵ ਜੀ-੭੨੭

ਨੂੰ ਇਕ ਕਹਾਣੀ ਨਾਲ ਜੋੜਨ ਦਾ ਯਤਨ ਕੀਤਾ ਹੈ। ਉਹ ਕਹਿੰਦੇ ਹਨ ਕਿ ਬੁਢਾਪੇ ਕਾਰਨ ਭਗਤ ਜੀ ਕਪੜਿਆਂ ਦੀ ਪੰਡ ਚੁਕ ਕੇ ਲੈ ਜਾਣ ਵਿਚ ਕਠਨਾਈ ਮਹਿਸੂਸ ਕਰ ਰਹੇ ਸਨ ਤੇ ਆਪਣੇ ਵਾਹਿਗੁਰੂ ਪਾਸੋਂ ਇਕ ਘੋੜੀ ਦੀ ਮੰਗ ਕੀਤੀ। ਪਰ ਵਾਹਿਗੁਰੂ ਨੇ ਉਨ੍ਹਾਂ ਦੀ ਪਰਖ ਕਰਨ ਲਈ ਪਠਾਣ ਦਾ ਰੂਪ ਧਾਰਨ ਕਰ ਕੇ ਆ ਦਰਸ਼ਨ ਦਿਤੇ ਤੇ ਆਪਣੀ ਘੋੜੀ ਦੀ ਵਛੇਰੀ ਨੂੰ ਉਨ੍ਹਾਂ ਦੇ ਨਾਲ ਚੁਕ ਕੇ ਤੁਰਨ ਲਈ ਕਿਹਾ। ਇਸ ਵਾਰਤਾ ਨਾਲ ਪ੍ਰੋ: ਸਾਹਿਬ ਸਿੰਘ ਅਤੇ ਕੁਝ ਦੂਜੇ ਵਿਦਵਾਨ ਸਹਿਮਤ ਨਹੀਂ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਚਾਹੇ ਭਗਤ ਜੀ ਵਾਹਿਗੁਰੂ ਨੂੰ ਸਰਬ ਵਿਆਪਕ ਮੰਨਦੇ ਸਨ ਤੇ ਉਨ੍ਹਾਂ ਨੂੰ ਵਾਹਿਗੁਰੂ ਦੇ ਕਈ ਰੂਪਾਂ ਵਿਚ ਦਰਸ਼ਨ ਵੀ ਹੋਏ, ਪਰ ਮਹਾਂ ਪੁਰਸ਼ਾਂ ਨੂੰ ਤਾਂ—

'ਜੋ ਦੀਸੈ ਸੋ ਤੇਰਾ ਰੂਪੁ ॥' ੩॥੨॥ ਤਿਲੰਗ ਮਹਲਾ ੫-੭੨੪

ਹੀ ਦਿਸਦਾ ਹੈ। ਨਾਮਦੇਵ ਜੀ ਨੇ ਆਪ ਆਪਣੀ ਬਾਣੀ ਵਿਚ ਇਸ ਦੀ ਪੁਸ਼ਟੀ ਕੀਤੀ ਹੈ :—

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥......
ਅਸਥਾਵਰ ਜੰਗਮ ਕੀਟ ਪਤੰਗਮ, ਘਟਿ ਘਟਿ ਰਾਮੁ ਸਮਾਨਾ ਰੇ ॥੧॥੩॥
ਮਾਲੀ ਗਉੜਾ ਨਾਮਦੇਵ ਜੀ-੯੮੮

ਇਸ ਲਈ ਉਨ੍ਹਾਂ ਦਾ ਰਾਮ ਤਾਂ ਹਰ ਥਾਂ ਰਵਿਆ ਹੋਇਆ ਉਨ੍ਹਾਂ ਨੂੰ ਦਿਸਦਾ ਸੀ। ਇਸ ਮਹਾਂਵਾਕ ਵਿਚ ਆਪ ਨੇ ਆਪਣੀ ਕਲਪਨਾ ਵਿਚ ਪਗੜੀ ਵਾਲੇ ਸਰੂਪ ਵਿਚ ਆਪਣੇ ਵਾਹਿਗੁਰੂ ਦਾ ਦੀਦਾਰ ਕੀਤਾ ਤੇ ਉਸ ਦੀ ਪਗੜੀ, ਮੀਠੇ ਬੋਲਾਂ, ਉਸ ਦੇ ਆਹਲਾ (ਉੱਤਮ) ਨਾਉਂ, ਉਸ ਨੂੰ 'ਅਸਪਤਿ, ਗਜਪਤਿ, ਨਰਹ ਨਰਿੰਦ' ਤੇ 'ਮੀਰ ਮੁਕੰਦ' ਆਦਿ ਵਿਸ਼ੇਸ਼ਣ ਲਗਾ ਕੇ ਸਲਾਹਿਆ, ਉਸਤਤ ਕੀਤੀ।

ਸਤਿਗੁਰੂ ਨਾਨਕ ਦੇਵ ਜੀ ਨੇ ਵੀ ਤਾਂ :—

'ਤੇਰੇ ਬੰਕੇ ਲੋਇਣ ਦੰਤ ਰੀਸਾਲਾ ॥ ਸੋਹਣੇ ਨਕ ਜਿਨ ਲੰਮੜੇ ਵਾਲਾ' ॥੭॥੨॥
ਵਡਹੰਸ ਮਹਲਾ ੧-੫੬੭

ਵਾਲੇ ਸੁੰਦਰਤਾ ਦੇ ਚਿੰਨ੍ਹਾਂ ਵਾਲੇ ਵਾਹਿਗੁਰੂ ਦੇ ਆਪਣੇ ਅੰਤਰ-ਧਿਆਨੇ-ਸਰੂਪ ਨੂੰ ਵੇਖ ਕੇ ਉਸ ਦੇ ਗੁਣ ਗਾਏ। ਇਸ ਲਈ ਪਠਾਣ ਵਾਲੀ ਗੱਲ ਏਥੇ ਫਿਕੀ ਜਹੀ ਲਗਦੀ ਹੈ।

ਜਿਥੇ ਸੁਹਣੀ ਪਗੜੀ ਨੇ ਨਾਮਦੇਵ ਜੀ ਦੀ ਆਤਮਾ ਨੂੰ ਟੁੰਬਿਆ, ਓਥੇ ਸੁੰਦਰ ਲੋਇਣਾਂ, ਰਸੀਲੇ ਦੰਦਾਂ, ਸੁੰਦਰ ਨੱਕ ਤੇ ਲੰਮੇ ਕੇਸਾਂ ਵਾਲੇ ਸਰੂਪ ਨੇ ਗੁਰੂ ਨਾਨਕ ਦੇਵ ਜੀ ਨੂੰ ਆਪਣੇ ਮਹਿਬੂਬ ਦੇ ਜਸ ਗਾਇਨ ਕਰਨ ਲਈ ਪ੍ਰੇਰਿਆ, ਉਤਸ਼ਾਹਿਤ ਕੀਤਾ।

ਨਾਮਦੇਵ ਜੀ ਨੂੰ ਪਗਰੀ ਖ਼ੂਬ ਲਗੀ। ਪਗੜੀ, ਪਗ, ਦਸਤਾਰ, ਪਾਗ ਇਤਿ ਆਦਿ ਸ਼ਬਦਾਂ ਦੀ ਵਰਤੋਂ ਸਿਰ ਦੇ ਇਸ ਬਸਤਰ ਲਈ ਗੁਰਬਾਣੀ ਵਿਚ ਕੀਤੀ ਗਈ ਹੈ। ਪਗੜੀ ਕੇਵਲ ਸਿਰ ਢਕਣ ਲਈ ਵਰਤਿਆ ਜਾਣ ਵਾਲਾ ਹੀ ਬਸਤਰ ਨਹੀਂ, ਸਗੋਂ ਇਹ ਸਿਰ ਦੀ ਰਖਿਆ ਵੀ ਕਰਦਾ ਹੈ ਤੇ ਸਿਰ ਸਮੇਤ ਸਾਰੇ ਸਰੀਰ ਦੀ ਸ਼ੋਭਾ ਨੂੰ ਵੀ ਵਧਾਂਦਾ ਹੈ। ਇਹ ਬਸਤਰ ਇਤਨਾ ਮਹੱਤਵ-ਪੂਰਨ ਹੈ ਕਿ ਇਸ ਨਾਲ ਸੰਬੰਧਤ ਕਈ ਮੁਹਾਵਰੇ ਸਾਡੀ ਬੋਲ-


www.AKJ.Org

ਚਾਲ ਵਿਚ ਪ੍ਰਚਲਤ ਹੋ ਗਏ ਹਨ । ਜਿਵੇਂ, ਪਗ-ਵਟ ਭਰਾ, ਪਗ ਲਾਹੁਣੀ, ਪਗ ਨੂੰ ਹੱਥ ਪਾਣਾ, ਪੈਰਾਂ ਤੇ ਪਗੜੀ ਰਖਣੀ, ਪਗਾਂ ਨੂੰ ਸਲਾਮਾਂ ਕਰਨੀਆਂ, ਪਗ ਸੰਭਾਲਣੀ, ਆਦਿ । ਇਸ ਪੱਖੋਂ ਪਗ ਦੀ ਮਹਾਨਤਾ ਦੂਜੇ ਬਸਤਰਾਂ ਦੇ ਮੁਕਾਬਲੇ ਤੇ ਬਹੁਤ ਵਧ ਜਾਂਦੀ ਹੈ ।

ਸਿਖੀ ਵਿਚ ਪਗੜੀ ਜਾਂ ਦਸਤਾਰ ਦਾ ਅਹਿਮ ਸਥਾਨ ਹੈ । ਕੇਸਾਂ ਨਾਲ ਪਗੜੀ ਦਾ ਅਟੁਟ ਸੰਬੰਧ ਹੈ । ਇਕ ਤੋਂ ਬਿਨਾਂ ਦੂਜੇ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ । ਅਸਲ ਵਿਚ ਪੱਗੜੀ, ਕੇਸਕੀ ਦੇ ਰੂਪ ਵਿਚ ਸਿਖ ਰਹਿਤ ਮਰਯਾਦਾ ਦਾ ਧੁਰਾ ਹੈ । ਇਹ ਇਕ ਅਜਿਹਾ ਕਕਾਰ ਹੈ ਜਿਸ ਤੋਂ ਸਿਖ ਦੇ ਬਾਹਰਲੇ ਸਰੂਪ ਦੀ ਪਛਾਣ ਸਹਿਜੇ ਹੀ ਹੋ ਜਾਂਦੀ ਹੈ । ਲੱਖਾਂ ਵਿਚ ਬੈਠਾ ਪੱਗ-ਬੰਨ੍ਹ ਗੁਰੂ ਦਾ ਸਿਖ ਦੂਰੋਂ ਹੀ ਪਛਾਣਿਆ ਜਾਂਦਾ ਹੈ । ਪਗੜੀ ਤੇ ਦਾੜ੍ਹੀ ਦੋ ਅਜਿਹੇ ਚਿੰਨ੍ਹ ਹਨ, ਜੋ ਗੁਰਸਿਖ ਨੂੰ ਦੂਜਿਆਂ ਤੋਂ ਨਿਖੇੜਦੇ ਹਨ ।

ਸਾਡੇ ਦੇਸ਼ ਵਿਚ ਸ਼ੁਰੂ ਤੋਂ ਪੱਗੜੀ ਬੰਨ੍ਹਣ ਦਾ ਰਿਵਾਜ ਸੀ । ਜਲ-ਵਾਯੂ ਦੇ ਪੱਖੋਂ ਮੌਸਮ ਦੀ ਮਾਰ ਤੋਂ ਸਿਰ ਦੀ ਰਖਿਆ ਕਰਨ ਲਈ ਪੱਗੜੀ ਬੰਨ੍ਹੀ ਜਾਂਦੀ ਸੀ । ਲੜਾਕੂ ਕੌਮਾਂ ਰਾਜਪੂਤ, ਮਰਹੱਟੇ, ਪਠਾਣ, ਸਾਰੇ ਹੀ ਪੱਗੜੀਆਂ ਬੰਨ੍ਹਦੇ ਸਨ । ਪੱਗੜੀ ਸਿਰ ਤੋਂ ਲਥੀ ਹੋਣ ਕਰਕੇ ਇਹ ਸਮਝਿਆ ਜਾਂਦਾ ਸੀ ਕਿ ਘਰ ਵਿਚ ਕਿਸੇ ਦੀ ਮੌਤ ਹੋ ਗਈ ਹੈ । ਭਾਈ ਗੁਰਦਾਸ ਜੀ ਨੇ ਵਾਰਾਂ ਵਿਚ ਇਕ ਵਿਅੰਗਾਤਮਕ ਘਟਨਾ ਦਾ ਜ਼ਿਕਰ ਕੀਤਾ ਹੈ । ਆਪ ਨੇ ਦਸਿਆ ਹੈ ਕਿ ਜਦੋਂ ਇਕ ਵਿਅਕਤੀ ਪਿੰਡ ਦੇ ਖੂਹ ਦੇ ਠੰਡੇ ਪਾਣੀ ਨਾਲ ਨਹਾ ਕੇ ਪੱਗੜੀ ਹੱਥ ਵਿਚ ਫੜੀ ਘਰ ਵੜਿਆ ਤਾਂ ਘਰ ਵਿਚ ਸਿਆਪਾ ਸ਼ੁਰੂ ਹੋ ਗਿਆ ਤੇ ਸਾਰੇ ਇਹ ਸਮਝਣ ਲੱਗ ਗਏ ਕਿ ਕੋਈ ਮਰ ਗਿਆ ਹੈ, ਤਾਂ ਹੀ ਪਗੜੀ ਉਤਾਰੀ ਗਈ ਹੈ । ਅਸਲ ਗੱਲ ਦਾ ਓਦੋਂ ਪਤਾ ਲੱਗਾ ਜਦੋਂ ਨਾਇਣ ਨੇ ਅਲਾਹੁਣੀ ਦੇਣ ਲਈ ਮਿਰਤਕ ਦਾ ਨਾਉਂ ਪੁਛਿਆ । ਓਦੋਂ ਪਗੜੀ ਦੀ ਇਹ ਮਹੱਤਾ ਸੀ, ਪਰ ਹੁਣ ਤਾਂ ਅੰਗਰੇਜ਼ੀ ਰਾਜ ਦੇ ਪ੍ਰਭਾਵ ਹੇਠ ਸਭ ਦੀ ਪਗੜੀ ਉਤਰ ਗਈ ਹੈ । ਦਸਮੇਸ਼ ਗੁਰਦੇਵ ਨੇ ਇਸ ਨੂੰ ਸਦਾ ਲਈ ਕਾਇਮ ਰਖਣ ਲਈ ਇਸ 'ਤੇ ਸਿਖ ਰਹਿਤ ਮਰਯਾਦਾ ਦੀ ਮੁਹਰ ਲਾ ਦਿਤੀ । ਭਾਵੇਂ ਸਾਰਾ ਭਾਰਤ ਸਿਰ ਨੰਗਾ ਪਿਆ ਫਿਰੇ, ਪਰ ਗੁਰੂ ਕਾ ਸਿਖ ਪਗੜੀ-ਕੇਸਕੀ ਤੋਂ ਬਿਨਾਂ ਇਕ ਪਲ ਵੀ ਨਹੀਂ ਰਹਿ ਸਕਦਾ । ਪਗੜੀ ਤਾਂ ਉਸ ਦੇ ਸਰੀਰ ਦਾ ਇਕ ਅਨਿਖੜਵਾਂ ਅੰਗ ਹੈ ।

ਪਗੜੀ ਨੂੰ ਕੇਸਾਂ ਨਾਲੋਂ ਕਦਾਚਿਤ ਅਲੱਗ ਨਹੀਂ ਕੀਤਾ ਜਾ ਸਕਦਾ । ਜੇਕਰ ਕੇਸਾਂ ਬਿਨਾਂ ਕੋਈ ਵਿਅਕਤੀ ਸਿਖ ਨਹੀਂ ਅਖਵਾ ਸਕਦਾ, ਤਾਂ ਪਗੜੀ ਬਿਨਾਂ ਵੀ ਉਸ ਨੂੰ ਸਿਖ ਨਹੀਂ ਕਿਹਾ ਜਾ ਸਕਦਾ । ਰਹਿਤ ਬਹਿਤ ਵਿਚ ਪੂਰੇ ਗੁਰੂ ਕੇ ਸਿਖ ਪਗੜੀ ਸਮੇਤ ਸਾਰੇ ਕਕਾਰਾਂ ਦੀ ਮਹਾਨਤਾ ਨੂੰ ਭਲੀ ਭਾਂਤ ਸਮਝਦੇ ਹਨ । ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਇਕ ਵੇਰ ਇਕ ਪ੍ਰੇਮੀ ਦੇ ਇਸ ਪ੍ਰਸ਼ਨ ਦਾ ਉਤਰ ਦਿੰਦਿਆਂ, ਕਿ ਕਿਰਪਾਨ ਇਸ਼ਨਾਨ ਕਰਨ ਸਮੇਂ ਦੋ ਮਿੰਟਾਂ ਲਈ ਅਲਗ ਰੱਖ ਦਿਤੀ ਜਾਏ ਤਾਂ ਕੀ ਫ਼ਰਕ ਪੈਂਦਾ ਹੈ, ਕਿਹਾ ਸੀ ਕਿ ਜੇਕਰ ਉਸ ਸਮੇਂ ਵਿਚ ਹੀ ਸਵਾਸ ਪੂਰੇ ਹੋ ਜਾਣ ਤਾਂ ਕੀ ਉਹ ਕਕਾਰ-ਹੀਨ ਹੋ ਕੇ ਵਾਹਿਗੁਰੂ ਦੀ ਦਰਗਾਹ ਵਿਚ ਪਹੁੰਚਣ ? ਤੇ ਫਿਰ ਜਨਮ ਧਾਰ ਕੇ ਭੁਲ ਬਖਸ਼ਾਣ ਲਈ ਪੰਜਾਂ ਪਿਆਰਿਆਂ ਦੇ ਹਾਜ਼ਰ ਹੋਣ । ਉਹ ਇਸ ਨਿੱਕੀ ਜਿੰਨੀ ਉਕਾਈ ਬਦਲੇ ਕਦੇ ਵੀ ਏਨੀ ਵੱਡੀ ਸਜ਼ਾ ਭੁਗਤਣ ਲਈ ਤਿਆਰ ਨਹੀਂ ਸਨ, ਕਿਉਂਕਿ ਆਪ ਨੇ ਤਾਂ ਪਲ ਪਲ ਸਿਖ ਮਰਯਾਦਾ ਤੇ ਪਹਿਰਾ ਦਿਤਾ ਸੀ । ਅੱਜ ਕਲ੍ਹ ਸਾਡੀ ਕੀ ਦਸ਼ਾ ਹੋ ਰਹੀ ਹੈ ? ਇਸ ਤੇ ਵਿਚਾਰ ਕਰਨ ਦੀ ਲੋੜ ਹੈ ।

ਪਗੜੀ ਸਿਖ ਰਹਿਤ ਮਰਯਾਦਾ ਦਾ ਜਿਤਨਾ ਅਹਿਮ ਅੰਗ ਹੈ, ਉਤਨੀ ਹੀ ਇਸ ਦੇ ਬਾਰੇ ਬੇਪਰਵਾਹੀ ਵਰਤੀ ਜਾਣ ਲੱਗ ਪਈ ਹੈ । ਟੋਪੀ ਵਾਂਗ ਪੱਗ ਲਾਹ ਕੇ ਰਖ ਦੇਣੀ ਤੇ ਫਿਰ ਟੋਪੀ ਵਾਂਗ ਹੀ ਸਿਰ ਤੇ ਰਖ ਲੈਣੀ ਕੁਰਹਿਤ ਹੈ । ਭਾਈ ਚੌਪਾ ਸਿੰਘ ਦੇ ਰਹਿਤਨਾਮੇ ਵਿਚ ਪਗ ਚੁਣ ਕੇ ਬੰਨ੍ਹਣ ਦੀ ਮਰਯਾਦਾ ਦਸੀ ਗਈ ਹੈ । ਪੱਗ ਸੰਬੰਧੀ ਇਕ ਹੋਰ ਘਟੀਆ ਗੱਲ ਅੱਜ ਦੇ ਸਮੇਂ ਵਿਚ ਦੇਖਣ ਵਿਚ ਆ ਰਹੀ ਹੈ । ਸਿੰਘ ਬੱਚਿਆਂ ਦੀਆਂ ਮਾਤਾਵਾਂ ਸਰਦੀ ਦੇ ਦਿਨਾਂ ਵਿਚ ਉੱਨ ਦੀਆਂ ਟੋਪੀਆਂ, ਉਪਰੋਂ ਪਗੜੀ ਦੇ ਪੇਚਾਂ ਦੀ ਸ਼ਕਲ ਬਣਾ ਕੇ ਬੱਚਿਆਂ ਦੇ ਸਿਰ ਤੇ ਰਖ ਦਿੰਦੀਆਂ ਹਨ । ਇਸ ਤਰ੍ਹਾਂ ਟੋਪੀ ਨੂੰ ਪਗੜੀ ਦਾ ਭੁਲੇਖਾ ਪਾ ਕੇ ਵਰਤਿਆ ਜਾਂਦਾ ਹੈ । ਗੁਰਮਤਿ ਵਿਚ



www.AKJ.Org

ਇਸ ਤਰ੍ਹਾਂ ਦੀ ਵਰਤੋਂ ਨੂੰ ਕਦੇ ਵੀ ਸਵੀਕਾਰ ਨਹੀਂ ਕੀਤਾ ਜਾ ਸਕਦਾ।

ਇਸ ਸੰਬੰਧ ਵਿਚ ਇਕ ਹੋਰ ਕਮਜ਼ੋਰੀ ਸਾਡੇ ਵਿਚ ਫੈਲਦੀ ਜਾ ਰਹੀ ਹੈ। ਪੂਰੀ ਪੱਗ ਦੀ ਥਾਂ ਛੋ ਗਿਰਾਂ ਕਪੜੇ ਨੂੰ ਚਾਰ ਤਣੀਆਂ ਲਾ ਕੇ ਪਟਕੇ ਦੇ ਰੂਪ ਵਿਚ ਸਿਖ ਬੱਚੇ, ਨੌਜਵਾਨ, ਤੇ ਏਥੋਂ ਤਕ ਕਿ ਅੱਧਖੜ ਉਮਰ ਦੇ ਸਿਖ ਸਿਰ ਤੇ ਬੰਨ੍ਹ ਕੇ ਫਿਰਦੇ ਵੇਖੇ ਜਾਂਦੇ ਹਨ। ਇਹ ਰਿਵਾਜ ਛੋਟੇ ਬੱਚਿਆਂ ਦੇ ਕੇਸਾਂ ਦੀ ਸੰਭਾਲ ਲਈ ਚਲਿਆ ਸੀ, ਕਿਉਂਕਿ ਉਹ ਪਗੜੀ ਬੰਨ੍ਹ ਨਹੀਂ ਸਕਦੇ, ਪਰ ਵੱਡੀ ਉਮਰ ਦੇ ਬੱਚਿਆਂ, ਸਕੂਲਾਂ-ਕਾਲਜਾਂ ਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੇ ਪੱਗਾਂ ਦੀ ਥਾਂ ਪਟਕੇ ਹੀ ਅਪਣਾ ਲਏ ਹਨ। ਦਾੜ੍ਹੀਆਂ ਆਈਆਂ ਹੋਈਆਂ ਹੋਣ ਤਾਂ ਪਗੜੀ ਦੀ ਥਾਂ ਪਟਕੇ ਕਦੇ ਵੀ ਸੁਹਣੇ ਨਹੀਂ ਲੱਗ ਸਕਦੇ। ਇਹ ਰਿਵਾਜ ਪੰਥ ਨੂੰ ਹੋਰ ਢਹਿੰਦੀਆਂ ਕਲਾਂ ਵਲ ਲਿਜਾ ਸਕਦਾ ਹੈ। ਪਹਿਲਾਂ ਹੀ ਦਾੜ੍ਹੀਆਂ ਬੰਨ੍ਹਣ ਦੀ ਵਾਦੀ ਨੇ, ਦਾੜ੍ਹੀਆਂ ਦੀ ਬੇਅਦਬੀ ਕਰਨ ਲਈ ਗੁੰਮਰਾਹ ਹੋਏ ਨੌਜਵਾਨਾਂ ਨੂੰ ਮੌਕਾ ਦਿਤਾ ਹੈ। ਤੇ ਹੁਣ ਜੇਕਰ ਪੱਗਾਂ ਦੀ ਥਾਂ ਪਟਕੇ ਹੀ ਚਲ ਪਏ ਤਾਂ ਗੁਰੂ ਮਿਹਰ ਕਰੇ, ਕੇਸਾਂ ਦੀ ਰਖਿਆ ਨੂੰ ਵੀ ਖਤਰਾ ਹੋ ਸਕਦਾ ਹੈ। ਫਿਰ :

......ਸਾਬਤ ਸੂਰਤਿ ਦਸਤਾਰ ਸਿਰਾ ॥੧੨॥ ਮਾਰੂ ਮਹਲਾ ੫—੧੦੮੪

ਵਾਲਾ ਰੂਪ ਕਿਵੇਂ ਕਾਇਮ ਰਹਿ ਸਕੇਗਾ ?

ਗੁਰੂ ਕੇ ਸਿਖ ਲਈ ਨੰਗੇ ਸਿਰ ਫਿਰਨਾ ਕੁਰਹਿਤ ਹੈ। ਪ੍ਰਸ਼ਾਦ ਛਕਣ ਸਮੇਂ, ਤੇ ਹੋਰ ਤਾਂ ਹੋਰ, ਜੰਗਲ ਪਾਣੀ ਜਾਣ ਵੇਲੇ ਵੀ ਬਹੁਤ ਸਾਰੇ ਸਿਖ ਨੰਗੇ ਸਿਰ ਹੀ ਵੇਖੇ ਜਾਂਦੇ ਹਨ। ਇਸ ਤਰ੍ਹਾਂ ਕੇਸਕੀ ਦੇ ਕਕਾਰ ਦਾ ਤਿਆਗ ਸਿਖ ਰਹਿਤ ਮਰਯਾਦਾ ਦੇ ਅਨੁਕੂਲ ਨਹੀਂ।

ਇਸ ਲਈ ਇਹ ਜ਼ਰੂਰੀ ਹੈ ਕਿ ਸਿਖੀ ਨੂੰ ਕੇਸਾਂ ਸੁਆਸਾਂ ਸੰਗ ਨਿਬਾਹੁਣ ਲਈ ਪਗੜੀ ਜਾਂ ਦਸਤਾਰ ਵਲੋਂ ਕੋਈ ਲਾਪਰਵਾਹੀ ਨਾ ਵਰਤੀ ਜਾਏ।

ਸਿਖ ਜਗਤ ਵਿਚ ਪੱਗਾਂ ਵੱਖ ਵੱਖ ਢੰਗ ਨਾਲ ਸਜਾਈਆਂ ਜਾਂਦੀਆਂ ਹਨ। ਨਾਮਧਾਰੀ ਵੀਰਾਂ ਦੀ ਪੱਗ ਦਾ ਵਖਰਾ ਹੀ ਸਟਾਈਲ ਹੈ ਤੇ ਨਿਹੰਗਾਂ ਸਿੰਘਾਂ ਦੀਆਂ ਦੁਮਾਲਿਆਂ ਵਾਲੀਆਂ ਪੱਗਾਂ ਦੀ ਆਪਣੀ ਹੀ ਸ਼ਾਨ ਹੈ। ਡੇਰੇਦਾਰ, ਸਾਧੂ, ਸੰਤ ਮਹਾਤਮਾ ਛੋਟੇ ਅਕਾਰ ਦੀ ਗੋਲ ਪੱਗ ਬੰਨ੍ਹਦੇ ਹਨ। ਏਸੇ ਤਰ੍ਹਾਂ ਰੰਗਾਂ ਵਿਚ ਵੀ ਵਿਭਿੰਨਤਾ ਵੇਖੀ ਜਾ ਸਕਦੀ ਹੈ। ਕੇਸਰੀ ਤੇ ਸੁਰਮਈ ਰੰਗ ਦੇ ਦਸਤਾਰੇ ਪੰਥ ਵਿਚ ਵਧੇਰੇ ਪ੍ਰਚਲਤ ਹਨ। ਦਾਸਰੇ ਨੂੰ ਦੇਸ਼ ਦੀ ਵੰਡ ਤੋਂ ਪਹਿਲਾਂ ਭੇਰਾ (ਜ਼ਿਲਾ ਸਰਗੋਧਾ–ਪਾਕਿਸਤਾਨ) ਵਿਖੇ ਦਸਮੇਸ਼ ਗੁਰੂ ਜੀ ਦੀ ਦਸਤਾਰ ਦੇ ਦਰਸ਼ਨ ਕਰਨ ਦਾ ਸ਼ੁਭ ਅਵਸਰ ਪ੍ਰਾਪਤ ਹੋਇਆ ਸੀ। ਉਸ ਦਾ ਰੰਗ ਕੇਸਰੀ ਸੀ, ਜੋ ਸਮੇਂ ਦੀ ਤਬਦੀਲੀ ਕਾਰਨ ਕੁਝ ਫਿਕਾ ਪੈ ਗਿਆ ਸੀ। ਵਡੇਰੀ ਉਮਰ ਦੇ ਬਜ਼ੁਰਗ ਤਾਂ ਸਫੇਦ ਪੱਗਾਂ ਹੀ ਬੰਨ੍ਹਦੇ ਹਨ। ਗੁਰਮਤਿ ਵਿਚ ਪੱਗਾਂ ਦੇ ਰੰਗ ਅਤੇ ਬੰਨ੍ਹਣ-ਢੰਗ ਸੰਬੰਧੀ ਕੋਈ ਰੋਕ ਟੋਕ ਨਹੀਂ, ਪਰ ਇਕ ਗੱਲ ਜ਼ਰੂਰੀ ਹੈ ਕਿ ਪੱਗ ਸੁੰਦਰ ਢੰਗ ਨਾਲ ਸਜਾਈ ਹੋਵੇ, ਜਿਸ ਨਾਲ ਕੇਸਾਂ ਦੀ ਸੰਭਾਲ ਵੀ ਹੋਵੇ ਤੇ ਪੱਗ-ਬੰਨ੍ਹ ਦਾ ਸਰੂਪ ਵੀ ਨਿਖਰੇ। ਉਸ ਦੀ ਸ਼ਖਸੀਅਤ ਤੋਂ ਰੋਅਬ ਪਵੇ ਤੇ ਸੁਹਣ-ਪਗੜੀ ਵਾਲੇ ਰਹਿਤ ਬਹਿਤ ਵਿਚ ਪੂਰੇ ਗੁਰਸਿਖ ਦੇ ਦਰਸ਼ਨ ਕਰਨ ਵਾਲੇ ਦੇ ਮੂੰਹੋਂ ਆ-ਮੁਹਾਰੇ ਇਹ ਵਾਕ ਨਿਕਲੇ : 'ਖੂਬ ਤੇਰੀ ਪਗਰੀ'

---

**ਪਾਠਕ ਜੀ—**(੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ।

(੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ

(੩) ਜੇ ਪਰਚਾ ੧੫ ਤਰੀਕ ਤਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ।

(੪) ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ ਦੀ ਰਕਮ "ਅਖੰਡ ਕੀਰਤਨੀ ਜਥਾ" ਦੇ ਨਾਮ ਭੇਜੋ, ਹੋਰ ਕਿਸੇ ਨਾਮ ਤੇ ਨਾ ਭੇਜੋ ਜੀ।

(੫) ਦੇਸਾਂ ਪਰਦੇਸਾਂ ਤੋਂ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਬਿਨਾਂ ਕਿਸੇ ਹੋਰ ਸ਼ਹਿਰ ਦੇ ਭੇਜੇ ਚੈਕ ਜਾਂ ਡਰਾਫ਼ਟ ਵਿਚ, ਅਸਲ ਰਕਮ ਤੋਂ ਵਧ ਦਸ ਰੁਪਏ ਬੈਂਕ ਕਮਿਸ਼ਨ ਭੇਜੋ ਜੀ।



www.AKJ.Org

# ਪਤਿ ਵਿਣੁ ਪੂਜਾ, ਸਤ ਵਿਣੁ ਸੰਜਮੁ, ਜਤ ਵਿਣੁ ਕਾਹੇ ਜਨੇਊ ?

(ਡਾਕਟਰ ਤਾਰਨ ਸਿੰਘ ਜੀ)

ਗੁਰੂ ਨਾਨਕ ਸਾਹਿਬ ਨੇ ਧਰਮ ਦਾ ਇਕ ਨਵਾਂ ਸੰਕਲਪ ਦੇ ਕੇ ਇਸ ਕਲਜੁਗੀ ਭਾਰ ਨੂੰ ਭਾਰਤੀ ਮਨੁਖਤਾ ਦੇ ਸਿਰ ਤੋਂ, ਉਨ੍ਹਾਂ ਦੇ ਮਨ, ਬੁਧੀ ਅਤੇ ਆਤਮਾ ਤੋਂ ਉਤਾਰ ਦਿੱਤਾ।

ਉਪਰੋਕਤ ਪੰਕਤੀ ਵਿਚ ਵਿਚਾਰ ਇਹ ਹੈ ਕਿ ਸਮੁੱਚੇ ਤੌਰ ਤੇ ਜਿਨ੍ਹਾਂ ਗੱਲਾਂ ਨੂੰ ਧਰਮ ਕਹਿਆ ਜਾਂਦਾ ਹੈ ਉਹ ਪਤਿ, ਸਤ, ਜਤ ਦੀ ਰਖਵਾਲੀ ਕਰਨ ਦੇ ਸਮਰੱਥ ਹੋਣੀਆਂ ਚਾਹੀਦੀਆਂ ਹਨ। ਇਸ ਪੰਕਤੀ ਵਿਚ ਪਹਿਲਾ ਭਾਵ ਇਹ ਹੈ ਕਿ ਜੇ ਕੋਈ ਮਨੁੱਖ ਪੂਜਾ ਪਾਠ ਕਰਦਾ ਹੈ, ਜਾਂ ਕੋਈ ਕੌਮ ਆਮ ਪੂਜਾ ਪਾਠ ਕਰਦੀ ਹੈ, ਤੇ ਜੇ ਉਹ ਸਮੁੱਚੇ ਤੌਰ ਤੇ ਆਪਣੀ ਤੇ ਆਪਣੀ ਕੌਮੀ ਇੱਜ਼ਤ ਕਾਇਮ ਨਹੀਂ ਰਖ ਸਕਦੀ ਤਾਂ ਉਹ ਧਰਮ ਨਿਸਫਲ ਹੈ। ਇੱਜ਼ਤ ਜਾਂ ਪਤਿ ਹਰ ਪ੍ਰਕਾਰ ਦੀ ਇੱਜ਼ਤ ਦਾ ਲਖਾਇਕ ਹੈ। ਰਾਜਸੀ ਇੱਜ਼ਤ ਸੁਤੰਤਰਤਾ ਹੈ, ਸਮਾਜਮ ਇੱਜ਼ਤ ਸ਼ਰਾਫ਼ਤ ਹੈ, ਆਦਿ। ਜਿਹੜੀ ਕੌਮ ਅਖੌਤੀ ਧਰਮ ਕਰਮ ਕਰਦੀ ਹੈ, ਪੂਜਾ ਪਾਠ ਕਰਦੀ ਹੈ ਅਤੇ ਆਪਣੀ ਪਤਿ, ਸੁਤੰਤਰਤਾ, ਗ਼ੈਰਤ, ਸਤਿਕਾਰ ਨੂੰ ਕਾਇਮ ਨਹੀਂ ਰਖ ਸਕਦੀ, ਉਹ ਧਰਮ ਨਹੀਂ ਹੈ। ਇਸ ਲਈ ਧਰਮ ਉਹ ਹੀ ਪੂਰਨ ਹੈ, ਜੋ ਕੌਮ ਨੂੰ ਸਤਿਕਾਰ ਤੇ ਸੁਤੰਤਰਤਾ ਦਾ ਜੀਵਨ ਦੇ ਸਕੇ।

ਇਸ ਪੰਕਤੀ ਵਿਚ ਦੂਜਾ ਭਾਵ ਇਹ ਹੈ ਕਿ ਧਰਮ ਦਾ ਇਕ ਅੰਗ ਸੰਜਮ ਹੈ। ਸੰਜਮ ਦਾ ਭਾਵ ਆਪਣੇ ਆਪ ਤੇ ਜ਼ਬਤ ਹੈ। ਸੰਜਮ ਦਾ ਭਾਵ ਬ੍ਰਤ ਵੀ ਹੈ। ਅਹਿੰਸਾ ਵੀ ਬ੍ਰਤ ਹੈ। ਅਹਿੰਸਾ ਪਰਮੋ ਧਰਮ ਮੰਨਿਆ ਗਿਆ ਹੈ। ਇਹ ਬੜਾ ਉਚਾ ਸੰਜਮ ਹੈ। ਕੌਮ ਨੂੰ ਸਮੁੱਚੇ ਤੌਰ ਤੇ ਅਹਿੰਸਕ ਹੋਣਾ ਚਾਹੀਦਾ ਹੈ। ਮਨੁੱਖ ਨੂੰ ਅਹਿੰਸਕ ਹੋਣਾ ਚਾਹੀਦਾ ਹੈ। ਕਿਸੇ ਨੂੰ ਮਨ ਬਚਨ ਦੁਆਰਾ ਦੁਖ ਦੇਣਾ ਵੀ ਹਿੰਸਾ ਹੈ। ਪਰ ਅਹਿੰਸਾ ਦੀ ਇਕ ਹੱਦ ਹੈ। ਜਦੋਂ ਕੋਈ ਕੌਮ ਅਹਿੰਸਾ ਕਾਇਮ ਰਖਦੀ ਹੈ, ਪਰ ਉਸ ਦੇ ਸਾਹਮਣੇ ਜਾਂ ਉਸ ਦੀਆਂ ਆਪਣੀਆਂ ਸਥਿਤੀਆਂ ਵਿਚ ਸੱਤ, ਭਾਵ, ਸਚਾਈ ਦਾ ਖ਼ੂਨ ਹੋ ਰਹਿਆ ਹੈ, ਨਿਆਂ ਕੁਚਲਿਆ ਜਾਂਦਾ ਹੈ ਤਾਂ ਨਿਸ਼ਚੇ ਉਹ ਬ੍ਰਤ ਠੀਕ ਨਹੀਂ, ਉਹੋ ਹਿੰਸਾ ਹੀ ਅਹਿੰਸਾ ਬਣ ਜਾਂਦੀ ਹੈ। ਉਹ ਸੱਚ ਤੇ ਨਿਆਂ ਨੂੰ ਕਾਇਮ ਰਖਣ ਲਈ ਸ਼ਸਤ੍ਰ ਧਾਰਨ ਤੇ ਅੰਦੋਲਨ ਕਰਨਾ ਹੀ ਅਹਿੰਸਾ ਹੈ। 'ਸਤੁ' ਹਿੰਸਾ ਤੇ ਅਹਿੰਸਾ ਦੀਆਂ ਵਿਚਾਰਾਂ ਤੋਂ ਵਧੇਰੇ ਪਵਿੱਤਰ ਚੀਜ਼ ਹੈ। ਜੋ ਧਰਮ ਸਤ ਦੇ ਸਤਿਕਾਰ, ਰੱਖਿਆ ਲਈ ਸਾਹਸ ਨਹੀਂ ਦੇ ਸਕਦਾ, ਉਹ ਧਰਮ ਨਹੀਂ ਹੈ।

ਇਸੇ ਪੰਕਤੀ ਦਾ ਤੀਜਾ ਅੰਗ ਇਹ ਹੈ ਕਿ ਹਰ ਧਰਮ ਦੇ ਬਾਹਰਲੇ ਚਿੰਨ੍ਹ, ਵਖਰੇ ਵਖਰੇ ਹਨ; ਪਰ ਉਨ੍ਹਾਂ ਦੀ ਸਪਿਰਟ ਜਾਂ ਭਾਵਨਾ ਇਕੋ ਹੈ। 'ਜਤੁ' ਸ਼ਬਦ ਉਸ ਸਪਿਰਟ ਜਾਂ ਭਾਵਨਾ ਦਾ ਚਿੰਨ੍ਹ ਹੈ, ਭਾਵ ਇਹ ਹੈ ਕਿ ਬਾਹਰਲਾ ਚਿੰਨ੍ਹ ਅੰਦਰਲੇ ਆਚਰਨ ਦਾ ਲਖਾਇਕ ਹੈ। ਪਰ ਜੇ ਜਨੇਊ ਧਾਰਨ ਕੀਤਾ ਹੋਇਆ ਹੈ, ਅੰਤਰ 'ਜਤੁ' ਜਾਂ ਮਨ ਬਚ ਕਰਮ ਦਾ ਜ਼ਬਤ ਨਹੀਂ ਹੈ ਤਾਂ ਜਨੇਊ ਅਰਥਹੀਣ ਹੋ ਜਾਂਦਾ ਹੈ। ਇਸ ਲਈ ਧਰਮ ਦਾ ਤੀਜਾ ਤੱਤ ਉਚਾ ਆਚਰਨ ਹੈ।

ਇਸ ਪੰਕਤੀ ਦੀ ਇਹ ਵਿਆਖਿਆ, ਜ਼ਰੂਰੀ ਨਹੀਂ ਕਿ ਹਰ ਇਕ ਨੂੰ ਪ੍ਰਵਾਨ ਹੋਵੇ, ਪਰ ਜਿਸ ਥਾਂ ਤੋਂ ਇਹ ਸਤਰ ਲਈ ਗਈ ਹੈ, ਉਹ ਰਾਮਕਲੀ ਰਾਗ ਵਿਚ ਗੁਰੂ ਨਾਨਕ ਸਾਹਿਬ ਦੀ ਪਹਿਲੀ ਅਸ਼ਟਪਦੀ ਹੈ। ਇਸ ਅਸ਼ਟਪਦੀ ਵਿਚ ਸਮੁੱਚਾ ਮਜ਼ਮੂਨ ਇਹ ਹੈ ਕਿ ਜਿਸ ਦੇਸ਼ ਵਿਚ ਹਾਲਾਤ ਇਸ ਤਰ੍ਹਾਂ ਹੋ ਜਾਂਦੇ ਹਨ, ਉਥੇ ਧਰਮ ਜਾਂ ਤਾਂ ਹੈ ਹੀ ਨਹੀਂ, ਜਾਂ ਉਹ ਸਹੀ ਕਰਤੱਵ ਨਹੀਂ ਕਰ ਰਹਿਆ। ਜਿਸ ਦੇਸ਼ ਵਿਚ ਇਸ ਤਰ੍ਹਾਂ ਦਾ ਕਲਯੁਗ ਆ ਜਾਵੇ, ਉਥੇ 'ਧਰਮ' ਅਧਰਮ ਦਾ ਰੂਪ ਧਾਰਨ ਕਰ ਚੁੱਕਾ ਹੁੰਦਾ ਹੈ, ਸਹੀ ਧਰਮ ਨਹੀਂ :

੧. ਹੋਵੈ ਪਰਵਾਣਾ ਕਰਹਿ ਧਿਡਾਣਾ ਕਲਿ ਲਖਣ ਵੀਚਾਰਿ ॥੧॥ਰਹਾਉ॥

(ਰਾਮਕਲੀ ਮ: ੧, ਪੰਨਾ ੯੦੨

ਜਿਸ ਦੇਸ਼ ਵਿਚ ਧਿਙਾਣਾ, ਅਨਿਆਂ ਤੇ ਧੱਕਾ ਕਰਨ ਵਾਲੇ ਲੋਕ ਆਗੂ ਬਣ ਜਾਂਦੇ ਹਨ ਅਤੇ ਸਮਾਜ



www.AKJ.Org

ਉਨ੍ਹਾਂ ਨੂੰ ਪ੍ਰਵਾਨ ਕਰ ਲੈਂਦਾ ਹੈ, ਉਥੇ ਸਮਝੋ ਕਲਜੁਗ ਹੈ ਅਤੇ ਧਰਮ ਦੀ ਹਾਨੀ ਹੋ ਚੁਕੀ ਹੈ;

੨. ਜੇ ਕੋ ਸਤੁ ਕਰੇ ਸੋ ਛੀਜੈ......

ਜਿਸ ਦੇਸ਼ ਵਿਚ ਸਚਾਈ, ਭਾਵ, ਨੇਕੀ ਕਰਨ ਵਾਲੇ, ਦਾਨ ਪੁੰਨ ਕਰਨ ਵਾਲੇ ਲੋਕ ਦੁਖੀ ਕੀਤੇ ਜਾਣ, ਉਥੇ ਧਰਮ ਕਿਥੇ ? ਧਰਮ ਜਾਂ ਧਰਮੀ ਲੋਕਾਂ ਦਾ ਕੰਮ ਸੱਚ ਤੇ ਧਰਮ ਨੇਕੀ ਨੂੰ ਬਚਾਣਾ ਤੇ ਕਾਇਮ ਕਰਵਾਣਾ ਹੈ;

੩......ਤਪ ਘਰਿ ਤਪੁ ਨ ਹੋਈ ॥

ਭਾਵ, ਜਿਸ ਦੇਸ਼ ਵਿਚ ਮਿਹਨਤ ਕਰਨ ਵਾਲੇ, ਘਾਲ ਕਮਾਈ ਕਰਨ ਵਾਲੇ ਲੋਕਾਂ ਨੂੰ ਆਪਣੀ ਮਿਹਨਤ ਦਾ ਫਲ ਨਹੀਂ ਪ੍ਰਾਪਤ ਹੁੰਦਾ, ਉਥੇ ਧਰਮ ਕਿਥੇ ?

੪. ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥੩॥ (੯੦੨)

ਜਿਸ ਦੇਸ਼ ਵਿਚ ਪ੍ਰਭੂ-ਭੈ ਵਾਲੇ ਲੋਕ ਬਦਨਾਮ ਕੀਤੇ ਜਾਣ, ਜਾਂ ਉਨ੍ਹਾਂ ਨੂੰ ਦੁਖ-ਤਸੀਹੇ ਮਿਲਦੇ ਹਨ, ਉਥੇ ਪੂਜਾ-ਪਾਠ ਹੋ ਰਹਿਆ ਹੈ ਅਤੇ ਉਨ੍ਹਾਂ ਨੂੰ ਧਰਮ ਸਮਝਾਇਆ ਜਾ ਰਹਿਆ ਹੈ, ਉਥੇ ਧਰਮ ਕਿਥੇ ?

ਜਿਸ ਦੇਸ਼ ਵਿਚ ਇਹ ਹਾਲਾਤ ਪੈਦਾ ਹੋ ਗਏ ਹੋਣ, ਉਥੇ ਧਰਮ ਦਾ ਕਰਤੱਵ ਇਹੋ ਹੈ ਕਿ ਉਹ ਸਤ, ਧਰਮ, ਇਖ਼ਲਾਕ, ਸੁਤੰਤਰਤਾ, ਨੇਕੀ ਨੂੰ ਸਥਾਪਿਤ ਕਰੇ । ਇਸ ਅਸ਼ਟਪਦੀ ਦੇ ਮਾਹੌਲ ਵਿਚ ਗੁਰੂ ਸਾਹਿਬ ਨੇ ਧਰਮ ਦਾ ਸਿਧਾਂਤ ਦਿਤਾ ਹੈ :

ਪਤਿ ਵਿਣੁ ਪੂਜਾ, ਸਤ ਵਿਣੁ ਸੰਜਮੁ, ਜਤ ਵਿਣੁ ਕਾਹੇ ਜਨੇਊ ॥
[ਰਾਮਕਲੀ ਮ: ੧, ਪੰਨਾ ੯੦੩]

ਗੁਰੂ ਨਾਨਕ ਸਾਹਿਬ ਨੇ ਇਹ ਧਰਮ ਸਥਾਪਿਤ ਕਰਨ ਦਾ ਬੀੜਾ ਚੁਕਿਆ ਸੀ ਅਤੇ ਉਹ ਸਫਲ ਹੋਏ ।..,...

ਗੁਰੂ ਨਾਨਕ ਸਾਹਿਬ ਦੇ ਧਰਮ ਦਾ ਸੰਕਲਪ ਉਹ ਧਰਮ ਹੈ, ਜਿਹੜਾ ਮਨੁਖ ਨੂੰ ਸੁਤੰਤਰ ਜੀਵਨ, ਸਚਾਈ ਦੀ ਰਾਖੀ ਲਈ ਸਾਹਸ ਅਤੇ ਉਚਾ ਆਤਮਕ ਉਦੇਸ਼ ਤੇ ਆਚਰਨ ਦੇ ਸਕੇ । ਇਹ ਜੀਵਨ-ਧਰਮ "ਸਤਿ ਸੁਹਾਣੁ ਸਦਾ ਮਨਿ ਚਾਉ"* ਰੂਪ ਪਰਮਾਤਮਾ ਦੀ ਭਗਤੀ ਨਾਲ ਆਉਂਦਾ ਹੈ ।

ਸੋ ਗੁਰੂ ਨਾਨਕ ਸਾਹਿਬ ਨੇ ਧਰਮ ਦਾ ਇਹ ਸਿਧਾਂਤ ਦੇ ਕੇ ਭਾਰਤੀ ਮਨੁਖਤਾ ਨੂੰ ਉਭਾਰਿਆ ਕਿ ਉਹ ਜੀਵਨ ਜੀਣ, ਜਿਹੜਾ ਪਤ ਵਾਲਾ, ਇੱਜ਼ਤ ਵਾਲਾ ਹੋਵੇ ਤੇ ਭੈ-ਰਹਿਤ ਹੋਵੇ । ਬੇਗ਼ੈਰਤ ਤੇ ਬੇਇਜ਼ਤੀ ਵਾਲਾ ਜੀਵਨ ਨਾ ਹੋਵੇ । ਉਨ੍ਹਾ ਨੇ ਵੰਗਾਰਿਆ ਕਿ ਭਾਰਤੀ ਲੋਕ ਉਹ ਜੀਵਨ ਜੀਣ, ਜਿਹੜਾ ਨਿਆਂ, ਸੱਚ, ਧਰਮ, ਚੰਗਿਆਈ ਦਾ ਜ਼ਾਮਨ ਹੋਵੇ, ਉਸ ਦਾ ਰਾਖਾ ਹੋਵੇ ਅਤੇ ਅਨਿਆਂ, ਜਬਰ ਦੇ ਵਿਰੁਧ ਲੜਨ ਦਾ ਸਾਹਸ ਰਖਦਾ ਹੋਵੇ । ਪਰ ਨਾਲ ਉਨ੍ਹਾਂ ਦਸਿਆ ਕਿ ਇਹ ਜੀਵਨ ਉਹ ਲੋਕ ਹੀ ਜੀ ਸਕਦੇ ਹਨ ਜਿਹੜੇ ਆਪ ਸੰਜਮ ਤੇ ਜ਼ਬਤ ਵਿਚ ਰਹਿਣ ਵਾਲੇ ਹਨ । ਜਿਨ੍ਹਾਂ ਦਾ ਆਚਰਨ ਉਸਾਰੂ ਹੋਵੇ, ਜਿਨ੍ਹਾਂ ਦੀ ਆਤਮਾ ਸਵੱਛ, ਨਿਰਮਲ ਤੇ ਬਲਵਾਨ ਹੋਵੇ । ਕਿਸੇ ਵੀ ਸਮਾਜ ਤੇ ਕਲਜੁਗੀ ਭਾਰ ਨੂੰ ਉਤਾਰਨ ਦਾ ਕੇਵਲ ਇਹੋ ਹੀ ਤਰੀਕਾ ਹੈ । ਨਰੋਆ ਧਰਮ ਉਹ ਹੈ ਕਿ ਜੋ ਮਨੁਖ ਨੂੰ ਪਤੁ, ਸਤ ਤੇ ਸੰਜਮ ਦੇ ਸਕੇ । ["ਗੁਰੂ ਨਾਨਕ ਤੇ ਅਥਰਬਣੀ ਭਾਰ ਦਾ ਸਿਧਾਂਤ" ਲੇਖ ਵਿਚੋਂ

*ਜਪੁਜੀ, ਪਉੜੀ ੨੧ ਪੰਨਾ ੪


## ਜੀਵਨ-ਚਰਿਤਰ ਭਾ: ਸਾ: ਰਣਧੀਰ ਸਿੰਘ ਜੀ

੧. ਇਸ ਪੁਸਤਕ ਵਿਚ ਭਾਈ ਸਾਹਿਬ ਦਾ ਪੂਰਾ ਜੀਵਨ ਅਤੇ ਜੇਲ੍ਹਾਂ ਦੇ ਭਿਆਨਕ ਕਸ਼ਟਾਂ ਦੇ ਸਮਾਚਾਰ ਦਿਤੇ ਹੋਏ ਹਨ ।
੨. ਕੀਰਤਨ-ਸਮਾਗਮਾਂ ਵਿਚ ਵਰਤਦੇ ਅਨੂਪਮ ਰੰਗਾਂ ਦੇ ਝਲਕਾਰੇ ਦਰਸਾਉਣ ਦੇ ਜਤਨ ਕੀਤੇ ਗਏ ਹਨ ।
੩. ਭਾਈ ਸਾਹਿਬ ਦੇ ਨਿਕਟਵਰਤੀਆਂ ਤੇ ਪ੍ਰੀਤਵਾਨਾਂ ਦੇ ਪ੍ਰੀਤ-ਪਿਆਰ ਭਰੇ ਕਈ ਸਮਾਚਾਰ ਵੀ ਪੁਸਤਕ ਦਾ ਸ਼ਿੰਗਾਰ ਬਣੇ ਹਨ
੪. ਅੰਤ ਵਿਚ ਤੱਤ ਗੁਰਮਤੀ ਕੀਮਤਾਂ-ਕਦਰਾਂ ਨੂੰ ਉਜਾਗਰ ਕਰਨ ਵਾਲੇ ਚਾਰ ਦੁਰਲਭ ਟਰੈਕਟ ਦਿਤੇ ਗਏ ਹਨ ।

ਕਈ ਵਾਧਿਆਂ ਸਮੇਤ ੧੦ ਚਿਤਰ, ਪੰਨੇ ੨੭੨, ਸੁੰਦਰ ਦੱਖ, ਭੇਟਾ ਕੇਵਲ ਸਤ ਰੁਪਏ





www.AKJ.Org

# ਸਿੱਖ ਇਤਿਹਾਸ ਦੇ ਪੰਜ ਪੰਨੇ

ਲੇਖਕ : ਸਯਦ ਮੁਹੰਮਦ ਲਤੀਫ਼
(ਉਲਥਾਕਾਰ ਪ੍ਰਿੰਸੀਪਲ ਨਾਹਰ ਸਿੰਘ ਗਰੇਵਾਲ, ਲੁਧਿਆਣਾ)

ਨੋਟ—ਸਯਦ ਮੁਹੰਮਦ ਲਤੀਫ਼ ਪੰਜਾਬ ਵਿਚ ਬਰਤਾਵਨੀ ਸਰਕਾਰ ਦੇ ਇਕ ਵੱਡੇ ਕਾਰਜਕਾਰੀ ਅਫ਼ਸਰ ਸਨ । ਉਹਨਾਂ ਨੇ ਆਪਣੀ ਪ੍ਰਸਿੱਧ ਅੰਗਰੇਜ਼ੀ ਕਿਤਾਬ "ਪੰਜਾਬ ਦਾ ਇਤਿਹਾਸ" ਮਾਰਚ, ੧੮੮੯ ਵਿਚ ਮੁਕੰਮਲ ਕੀਤੀ । ਇਸ ਕਿਤਾਬ ਦੇ ਵੱਡੇ ੬੫੦ ਸਫ਼ਿਆਂ ਵਿਚੋਂ ੩੦੦ ਸਫ਼ੇ ਸਿੱਖ ਇਤਿਹਾਸ ਲਈ ਰਾਖਵੇਂ ਕੀਤੇ ਹਨ । ਇਸ ਇਤਿਹਾਸਕਾਰ ਨੂੰ ਬਹੁਤੇ ਸਿੱਖ ਵਿਦਵਾਨ ਭਰੋਸੇ-ਯੋਗ ਨਹੀਂ ਸਮਝਦੇ, ਕਿਉਂਕਿ ਇਸ ਨੇ ਮਜ਼ਹਬੀ ਜਨੂੰਨ ਦੇ ਅਸਰ ਹੇਠ ਕੁਝ ਘਟਨਾਵਾਂ ਅਸ਼ੁਧ ਬਿਆਨੀਆਂ ਹਨ, ਜੋ ਇਤਿਹਾਸ ਦੀ ਸੱਚੀ ਸੁੱਚੀ ਕਸਵੱਟੀ ਤੇ ਪੂਰੀਆਂ ਨਹੀਂ ਉਤਰਦੀਆਂ । ਕਈ ਥਾਵਾਂ ਤੇ ਉਸ ਦੇ ਆਪਣੇ ਨਿਰਣੇ ਵੀ ਨਿਰਮੂਲ ਤੇ ਬੇ-ਸਬੂਤੇ ਹੀ ਹਨ । ਪਰ ਬਾਵਜੂਦ ਕੁਝ ਦੋਸ਼ਾਂ ਤੇ ਊਣਤਾਈਆਂ ਦੇ ਇਸ ਕਿਤਾਬ ਦਾ ਕਾਫ਼ੀ ਵਿਸ਼ਾ-ਵਸਤੂ ਪੜ੍ਹਨਯੋਗ ਤੇ ਦਿਲਚਸਪ ਹੈ । ਕਈ ਇਤਿਹਾਸਕ ਸੱਚਾਈਆਂ ਉਸ ਨੇ ਵੀ ਬਾਕੀ ਦੇ ਵਿਰੋਧੀ ਇਤਿਹਾਸਕਾਰਾਂ ਵਾਂਗੂ ਸੱਚ ਮੰਨੀਆਂ ਹਨ ਤੇ ਸੁੰਦਰ ਢੁਕਵੀਂ ਭਾਸ਼ਾ ਵਿਚ ਉਲੀਕੀਆਂ ਹਨ, ਜਿਨ੍ਹਾਂ ਵਿਚੋਂ ਪੰਜ ਖ਼ਾਸ ਪੰਨਿਆਂ ਦਾ ਪੰਜਾਬੀ ਤਰਜਮਾ ਪਾਠਕਾਂ ਦੀ ਦਿਲਚਸਪੀ ਤੇ ਲਾਭ ਹਿਤ ਨਿਮਨ-ਲਿਖਤ ਹੈ । ਘਟਨਾਵਾਂ ਦੇ ਸਿਰਲੇਖ ਉਲਥਾਕਾਰ ਦੀ ਕਿਰਤ ਹਨ ।

## (੧) ਇਕ ਕਰਾਮਾਤੀ ਸ਼ਹੀਦੀ (ਸਫ਼ਾ ੨੬੦)

ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਨੇ ਆਪਣੇ ਨੌਜੁਆਨ ਪੁਤਰ ਗੋਵਿੰਦ ਨੂੰ ਜੱਫੀ ਵਿਚ ਲਿਆ, ਚੁੰਮਿਆ ਅਤੇ ਦਿੱਲੀ ਨੂੰ ਚਾਲੇ ਪਾ ਦਿੱਤੇ । ਸ਼ਹਿਨਸ਼ਾਹ (ਔਰੰਗਜ਼ੇਬ) ਨੇ ਉਹਨਾਂ ਦਿਨਾਂ ਵਿਚ ਸੈਂਕੜੇ ਹੀ ਬ੍ਰਾਹਮਣਾਂ ਨੂੰ ਇਸ ਆਸ ਨਾਲ ਜੇਲ੍ਹਾਂ ਵਿਚ ਸੁੱਟਿਆ ਹੋਇਆ ਸੀ ਕਿ ਜੇ ਇਹ ਹਜ਼ਰਤ ਮੁਹੰਮਦ ਦੇ ਮਜ਼ਹਬ ਨੂੰ ਕਬੂਲ ਕਰ ਲੈਣ ਤਾਂ ਬਾਕੀ ਹਿੰਦੂ ਛੇਤੀ ਹੀ ਇਹਨਾਂ ਦੀ ਪੈਰਵੀ ਕਰ ਲੈਣਗੇ । ਸ਼ਹਿਨਸ਼ਾਹ ਨੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਨਾਲ ਕਈ ਤਕਰਾਰਾਂ ਕੀਤੀਆਂ ਅਤੇ ਆਖਿਆ, ਜੇ ਉਹ ਸੱਚਾ ਗੁਰੂ ਹੈ ਤਾਂ ਕਰਾਮਾਤਾਂ ਦਿਖਾਵੇ, ਨਹੀਂ ਤਾਂ ਇਸਲਾਮ ਧਰਮ ਕਬੂਲ ਕਰੇ । "ਸਿਖ" ਕਿਸੇ ਤਰ੍ਹਾਂ ਵੀ ਬਾਦਸ਼ਾਹ ਸਲਾਮਤ ਨੂੰ ਤਸੱਲੀ ਦੇਣ ਤੋਂ ਅਸਮਰੱਥ ਰਿਹਾ । ਸੋ ਬਾਦਸ਼ਾਹ ਦੇ ਹੁਕਮ ਨਾਲ ਉਸਨੂੰ ਜੇਲ੍ਹ ਵਿਚ ਸੁਟਿਆ ਗਿਆ, ਪਰ ਉਹ ਲਗਾਤਾਰ ਇਸਲਾਮ ਧਾਰਨ ਕਰਨ ਤੋਂ ਨਾਂਹ ਕਰਦੇ ਰਹੇ । ਉਸ ਨੂੰ ਸਰੀਰਕ ਤਸੀਹੇ ਦਿੱਤੇ ਗਏ । ਜੀਵਨ ਤੋਂ ਤੰਗ ਆ ਕੇ ਉਸ ਨੇ ਆਪਣੇ ਆਦਰਸ਼ ਦੇ ਈਸ਼ਵਰੀ ਪ੍ਰਮਾਰਥ ਦੇ ਸਬੂਤ ਵਜੋਂ ਕਰਾਮਾਤ ਦਿਖਾਉਣ ਲਈ ਰਜ਼ਾਮੰਦੀ ਜ਼ਾਹਰ ਕੀਤੀ । ਉਸ ਨੂੰ ਸ਼ਹਿਨਸ਼ਾਹ ਦੇ ਰੂਬਰੂ ਖੜਾ ਕੀਤਾ ਗਿਆ । ਹਕੂਮਤ ਦੇ ਸਾਰੇ ਅਮੀਰ ਵਜ਼ੀਰ ਕਰਾਮਾਤ ਦੀ ਤਸਦੀਕ ਕਰਨ ਲਈ ਹਾਜ਼ਰ ਸਨ । ਗੁਰੂ ਜੀ ਨੇ ਉਮਰਾਵਾਂ ਦੀ ਮਜਲਸ ਦੇ ਸਾਹਮਣੇ ਆਖਿਆ ਕਿ ਮਨੁੱਖ ਦਾ ਧਰਮ ਆਪਣੇ ਮਾਲਿਕ ਦੀ ਇਬਾਦਤ ਕਰਨਾ ਹੈ, ਪਰ ਬਾਦਸ਼ਾਹ ਨੇ ਕਰਾਮਾਤ ਦਿਖਾਉਣ ਦਾ ਹੁਕਮ ਕੀਤਾ ਹੈ ਇਸ ਲਈ ਉਹਨਾਂ ਨੇ ਸ਼ਾਹੀ ਫ਼ੁਰਮਾਨ ਨੂੰ ਮੰਨਣ ਦਾ ਇਰਾਦਾ ਕਰ ਲਿਆ ਹੈ । ਉਹਨਾਂ ਨੇ ਇਕ ਕਾਗਜ਼ ਦੇ ਟੁਕੜੇ ਤੇ ਕੁਝ ਲਿਖਿਆ ਅਤੇ ਆਖਿਆ ਕਿ ਇਹ ਟੂਣਾ (ਜਾਦੂ ਦਾ ਤਵੀਤ) ਹੈ । ਇਸ ਨੂੰ ਆਪਣੇ ਗਲ ਦੁਆਲੇ ਬੰਨ੍ਹ ਕੇ ਐਲਾਨ ਕੀਤਾ ਕਿ ਇਸ ਟੂਣੇ ਦੇ 'ਅਸਰ' ਵਜੋਂ ਤਲਵਾਰ ਦਾ ਵਾਰ 'ਬੇਅਸਰ' ਰਹੇਗਾ । ਕਰਾਮਾਤੀ ਜਾਦੂ ਨੂੰ ਅਜ਼ਮਾਉਣ ਲਈ ਜੱਲਾਦ ਬੁਲਾਇਆ ਗਿਆ, ਗਰਦਨ ਤੇ ਤਲਵਾਰ ਦੀ ਸੱਟ ਮਾਰੀ ਗਈ, ਗੁਰੂ ਜੀ ਦਾ ਸਿਰ ਫ਼ਰਸ਼ ਤੇ ਰੁੜ੍ਹ ਗਿਆ । ਸਾਰੇ ਦਰਬਾਰੀ ਹੈਰਾਨ ਹੋ ਗਏ । ਉਸ ਕਾਗਜ਼ ਨੂੰ ਪੜ੍ਹਿਆ ਗਿਆ, ਉਸ ਉਪਰ ਲਿਖਿਆ ਹੋਇਆ ਸੀ, "ਸਿਰ ਦੀਆ, ਸਰ ਨਾ ਦੀਆ"—ਅਰਥ ਇਹ ਕਿ "ਸਿਰ ਦੇ ਦਿੱਤਾ, ਪਰ ਭੇਦ ਨਹੀਂ ਦਿੱਤਾ ।" ਉਹਨਾਂ ਦਾ ਜੀਵਨ ਖ਼ਤਮ ਹੋਇਆ, ਪਰ ਉਹਨਾਂ ਦੇ ਪ੍ਰਚਾਰਕੀ ਪਰੋਹਤੀ ਗੁਣ ਦੀ ਯਾਦ ਸਦਾ ਲਈ ਸੰਸਾਰ ਵਿਚ ਕਾਇਮ ਰਹੀ । ਜਦੋਂ ਵਹਿਮ-ਗ੍ਰਸਤ ਦਰਬਾਰੀਆਂ ਨੇ


www.AKJ.Org

ਦੇਖਿਆ ਕਿ ਕੀ ਹੋ ਗਿਆ, ਹੌਲ ਤੇ ਹੈਰਾਨੀ ਨਾਲ ਭੈਭੀਤ ਹੋ ਗਏ । ਸ਼ਹਿਨਸ਼ਾਹ ਆਪ ਮਾਯੂਸ, ਨਿਰਾਸ਼ ਹੋ ਕੇ ਖਫ਼ਾ ਹੋ ਗਿਆ ਅਤੇ ਹੁਕਮ ਕੀਤਾ ਕਿ ਸਾਰੇ ਹਜੂਮ ਨੂੰ ਖਿੰਡਾ ਦਿਓ ।

(੨) ਨਿੱਕੀਆਂ ਜਿੰਦਾਂ, ਵੱਡੇ ਸਾਕੇ (ਸਫ਼ਾ ੨੬੪-੨੬੫)

ਮੁਸਲਮਾਨ ਫ਼ੌਜਾਂ ਨੇ ਗੁਰੂ ਜੀ ਦੇ ਟਿਕਾਣੇ ਤੇ ਹਮਲਾ ਕੀਤਾ, ਜਿਸ ਨੂੰ ਪੂਰੀ ਤਰ੍ਹਾਂ ਰੋਕ ਪਾਈ ਗਈ । ਇਸ ਕਾਰਨ ਇਸਲਾਮੀ ਸਰਕਾਰ ਨੂੰ ਚਿੰਤਾ ਹੋਈ ਅਤੇ ਪਹਾੜੀ ਰਾਜੇ ਪਹਿਲਾਂ ਹੀ ਗੁਰੂ ਜੀ ਤੋਂ ਹਾਰ ਚੁੱਕੇ ਸਨ । ਉਹ ਇਥੋਂ ਤੱਕ ਭੈਭੀਤ ਹੋ ਗਏ ਕਿ ਗੁਰੂ ਜੀ ਉਹਨਾਂ ਨੂੰ ਉਹਨਾਂ ਦੀਆਂ ਰਿਆਸਤਾਂ ਵਿਚੋਂ ਭਜਾ ਦੇਣਗੇ ਅਤੇ ਕਾਬਜ਼ ਹੋ ਜਾਣਗੇ । ਉਹਨਾਂ ਨੇ ਸ਼ਹਿਨਸ਼ਾਹ ਪਾਸ ਦਰਖ਼ਾਸਤ ਕੀਤੀ ਕਿ ਗੁਰੂ ਦੀ ਸ਼ਕਤੀ ਨੂੰ ਖ਼ਤਮ ਕੀਤਾ ਜਾਵੇ, ਉਹ 'ਸੱਚਾ ਪਾਤਸ਼ਾਹ' ਅਖਵਾਉਂਦਾ ਹੈ । ਔਰੰਗਜ਼ੇਬ ਨੇ ਲਾਹੌਰ ਦੇ ਗਵਰਨਰ ਜ਼ਬਰਦਸਤ ਖ਼ਾਂ ਤੇ ਸਰਹਿੰਦ ਦੇ ਗਵਰਨਰ ਸ਼ਮਸਉਦੀਨ ਖ਼ਾਂ ਨੂੰ ਗੁਰੂ ਜੀ ਤੇ ਧਾਵਾ ਬੋਲਣ ਦੇ ਹੁਕਮ ਦਿੱਤੇ । ਗੁਰੂ ਜੀ ਨੇ ਸਖ਼ਤ ਮੁਕਾਬਲਾ ਕੀਤਾ । ਆਖ਼ਿਰ ਹਾਰ ਖਾ ਕੇ ਮਾਖੋਵਾਲ ਦੇ ਕਿਲ੍ਹੇ ਵਿਚ ਘਿਰ ਗਏ । ਉਹਨਾਂ ਦੀ ਮਾਤਾ ਗੁਜਰੀ ਤੇ ਦੋ ਪੁੱਤਰ ਜ਼ੋਰਾਵਰ ਸਿੰਘ ਤੇ ਫ਼ਤਹ ਸਿੰਘ ਬਚ ਕੇ ਨਿਕਲ ਕੇ ਸਰਹਿੰਦ ਪੁੱਜ ਗਏ । ਉਥੇ ਉਹ ਇਕ ਹਿੰਦੂ ਚੇਲੇ ਦੇ ਘਰ ਲੁਕ ਗਏ । ਸਰਹਿੰਦ ਦੇ ਗਵਰਨਰ, ਵਜ਼ੀਰ ਖ਼ਾਂ ਦੇ ਦੀਵਾਨ ਕੁਲਜਸ ਨੇ ਉਹਨਾਂ ਨੂੰ ਗਵਰਨਰ ਦੇ ਪੇਸ਼ ਕੀਤਾ । ਗਵਰਨਰ ਪੱਕਾ ਮੁਸਲਮਾਨ ਸੀ । ਇਸਲਾਮੀ ਕਾਨੂੰਨ ਕਾਫ਼ਰਾਂ ਦੇ ਨਾਬਾਲਗਾਂ ਅਤੇ ਇਸਤ੍ਰੀਆਂ ਨੂੰ ਮਾਰ ਦੇਣ ਦੀ ਆਗਿਆ ਨਹੀਂ ਦਿੰਦਾ । ਗਵਰਨਰ ਨੇ ਉਹਨਾਂ ਨੂੰ ਛੱਡ ਦਿੱਤਾ । ਦੀਵਾਨ ਨੂੰ ਗੋਵਿੰਦ ਸਿੰਘ ਨਾਲ ਨਿੱਜੀ ਵੈਰ ਸੀ । ਉਸ ਨੇ ਹਸਦ ਦੇ ਸਾੜੇ ਅਧੀਨ ਵਾਰ ਵਾਰ ਵਜ਼ੀਰ ਖ਼ਾਂ ਦੀ ਮਿੰਨਤ ਕੀਤੀ ਕਿ ਵਿਧਵਾ ਤੇ ਦੋਹਾਂ ਬੱਚਿਆਂ ਨੂੰ ਕਤਲ ਕਰ ਦਿੱਤਾ ਜਾਵੇ, ਕਿਉਂ ਜੁ ਉਹ ਮੁਸਲਮਾਨਾਂ ਦੇ ਪੁਰਾਣੇ ਪੱਕੇ ਦੁਸ਼ਮਣ ਦੇ ਪੁੱਤਰ ਸਨ ਅਤੇ ਪਿਉ ਵਰਗੇ ਹੀ ਨਿਕਲਣਗੇ । ਵਜ਼ੀਰ ਖਾਂ ਨੇ ਇਸਲਾਮੀ ਕਾਨੂੰਨ ਨੂੰ ਭੰਗ ਜਾਂ ਖੰਡਨ ਕਰਨ ਤੋਂ ਸਾਫ਼ ਨਾਂਹ ਕਰ ਦਿੱਤੀ ਕਿ ਪਿਉ ਦੇ ਗੁਨਾਹਾਂ ਲਈ ਪੁੱਤਰ ਨੂੰ ਦੁੱਖੀ ਨਹੀਂ ਕੀਤਾ ਜਾ ਸਕਦਾ ਅਤੇ ਹਰ ਇਕ ਆਪਣੇ ਅਮਲਾਂ ਲਈ ਜ਼ਿੰਮੇਵਾਰ ਹੈ । ਇੱਕ ਦਿਨ ਦੋਨੋਂ ਬੱਚੇ ਗਵਰਨਰ ਦੇ ਦਰਬਾਰ ਵਿਚ ਬੈਠੇ ਸਨ । ਉਹ ਉਹਨਾਂ ਦੀਆਂ ਸੁੰਦਰ ਸ਼ਕਲਾਂ ਤੇ ਜ਼ਾਹਰਾ ਤੌਰ 'ਤੇ ਖ਼ੂਬਸੂਰਤ ਮੁਹਾਂਦਰੇ ਦੇਖ ਕੇ ਖ਼ੁਸ਼ ਹੋ ਗਿਆ ਅਤੇ ਪਿਆਰ ਨਾਲ ਬੋਲਿਆ, "ਬੱਚਿਓ, ਜੇ ਅਸੀਂ ਤੁਹਾਨੂੰ ਛੱਡ ਦੇਈਏ, ਤੁਸੀਂ ਕੀ ਕਰੋਗੇ ?" "ਸਿੱਖਾਂ ਨੂੰ ਜੱਥੇਬੰਦ ਕਰ ਕੇ, ਹਥਿਆਰਬੰਦ ਕਰਾਂਗੇ, ਤੁਹਾਡੇ ਨਾਲ ਲੜਾਂਗੇ, ਤੁਹਾਨੂੰ ਮਾਰ ਦਿਆਂਗੇ". ਬੱਚਿਆਂ ਨੇ ਉਤਰ ਦਿੱਤਾ । ਗਵਰਨਰ ਨੇ ਆਖਿਆ, " ਜੇ ਤੁਸੀਂ ਹਾਰ ਗਏ, ਫਿਰ ਕੀ ਕਰੋਗੇ ?" "ਅਸੀਂ ਫਿਰ ਫ਼ੌਜਾਂ ਭਰਤੀ ਕਰਾਂਗੇ, ਤੁਹਾਨੂੰ ਮਾਰਾਂਗੇ ਜਾਂ ਮਾਰੇ ਜਾਵਾਂਗੇ", ਬੱਚਿਆਂ ਨੇ ਉਤਰ ਦਿੱਤਾ ।

ਗਵਰਨਰ ਇਸ ਨਿੱਡਰ ਤੇ ਹੰਕਾਰੀ ਉਤਰ ਕਾਰਨ ਗੁੱਸੇ ਨਾਲ ਸੜ ਬਲ ਗਿਆ ਅਤੇ ਕੁਲਜਸ ਨੂੰ ਹੁਕਮ ਕੀਤਾ ਕਿ ਇਹਨਾਂ ਨੂੰ ਮੇਰੀਆਂ ਅੱਖਾਂ ਤੋਂ ਦੂਰ ਲੈ ਜਾਹ ਅਤੇ ਉਸ ਦੇ ਘਰ ਭੇਜ ਦਿਓ । ਕੁਲਜਸ ਨੇ ਬੱਚਿਆਂ ਨੂੰ ਹਲਾਕ ਕਰਵਾ ਦਿੱਤਾ । ਕਈ ਆਖਦੇ ਹਨ ਕਿ ਬੱਚਿਆਂ ਨੂੰ ਕੰਧਾਂ ਦੀਆਂ ਨੀਂਹਾਂ ਵਿਚ ਚਿਣ ਕੇ ਅੰਦਰ ਬੰਦ ਕਰਕੇ ਜੀਉਂਦੇ-ਜੀ ਦਬਾ ਦਿੱਤਾ । ਗੁਜਰੀ ਆਪਣੇ ਪੋਤਿਆਂ ਦੇ ਦੁੱਖਦਾਈ ਅੰਤ ਕਾਰਨ ਸੋਗ ਵਿਚ ਮਰ ਗਈ ।

(੩) ਪਰਮ ਮਨੁੱਖ, ਮਹਾਨ ਆਚਰਣ (ਸਫ਼ਾ ੨੭੦-੨੭੧)

ਇਤਿਹਾਸਕਾਰ ਗੁਰੂ ਗੋਬਿੰਦ ਸਿੰਘ ਦੇ ਮਹਾਨ ਗੁਣਾਂ ਤੇ ਸਿਫ਼ਤਾਂ ਦੀ ਉਸਤਤੀ ਕਰਨ ਸੰਬੰਧੀ ਸਹਿਮਤੀ ਪਰਗਟਾਉਂਦੇ ਹਨ । ਉਹਨਾਂ ਅੰਦਰ ਧਾਰਮਿਕ ਰਾਹਬਰ ਅਤੇ ਸੂਰਮੇ ਦੀਆਂ ਯੋਗਤਾਵਾਂ ਸਮਿਲਤ ਸਨ । ਉਹ ਧਾਰਮਿਕ ਸਟੇਜ ਦੇ ਸਿਧਾਂਤਾਂ ਦੇ ਸਾਜ਼ਗਾਰ ਸਨ, ਆਪਣੀ ਗੱਦੀ ਤੇ ਹੁਕਮਰਾਨ ਸ਼ਾਹ, ਯੁਧ-ਛੇਤਰ ਵਿਚ ਸੂਰਬੀਰ ਅਤੇ ਖਾਲਸਾ ਸਮਾਜ ਵਿਚ ਫ਼ਕੀਰ ਸਨ । ਸਮੇਂ ਦੀਆਂ ਲੋੜਾਂ ਅਨੁਸਾਰ ਵਧੀਆ ਮਨੁੱਖ ਸਨ । ਸਿੱਖ ਧਰਮ ਆਰੰਭ ਵਿਚ ਹੀ, ਭਾਵ, ਗੁਰੂ ਨਾਨਕ ਦੇ ਸਮੇਂ ਛੇਤੀ ਹੀ ਖ਼ਤਮ ਹੋ ਜਾਂਦਾ ਜੇ ਇਸ ਦਾ ਬਾਨੀ ਗੁਰੂ ਗੋਬਿੰਦ ਸਿੰਘ ਦੀ ਅਪਣਾਈ ਹੋਈ ਨੀਤੀ ਧਾਰਨ ਕਰ ਲੈਂਦਾ, ਭਾਵ, ਧਰਮ ਦੀ ਰੱਖਿਆ ਲਈ ਤਲਵਾਰ ਦੀ ਖੁੱਲ੍ਹੀ ਵਰਤੋਂ ਕਰਦਾ । ਗੁਰੂ ਨਾਨਕ ਦਾ 'ਆਦਿ ਗ੍ਰੰਥ' ਸਿੱਖਾਂ ਦੇ ਮਨਾਂ ਅੰਦਰ


www.AKJ.Org

ਹਲੀਮੀ ਤੇ ਕੋਮਲਤਾ ਦਾ ਜਜ਼ਬਾ ਭਰਨ ਤੱਕ ਹੀ ਸੀਮਿਤ ਹੈ । ਪਰ ਸੰਕਟ ਸਿਰ ਤੇ ਆ ਪਿਆ । ਗੋਬਿੰਦ ਨੇ ਭਾਂਪਿਆ ਕਿ ਸਮਾਂ ਬਦਲ ਚੁੱਕਾ ਹੈ ਅਤੇ ਨਤੀਜੇ ਦੇ ਤੌਰ ਤੇ ਸਮੇਂ ਦਾ ਮੁਕਾਬਲਾ ਕਰਨ ਦਾ ਨਿਸ਼ਚਾ ਕਰ ਲਿਆ । ਗੋਵਿੰਦ ਨੇ ਦੇਖ ਲਿਆ ਕਿ ਉਸ ਦੇ ਧਾਰਮਿਕ ਪੂਰਵਜਾਂ ਦੀ ਸ਼ਹਿਨਸ਼ੀਲਤਾ ਦੀ ਪੁਰਾਣੀ ਪਰਪਾਟੀ ਸਮੇਂ ਨੂੰ ਮਾਫ਼ਿਕ ਨਹੀਂ ਆਉਂਦੀ, ਇਸ ਤਰ੍ਹਾਂ ਧਰਮ ਦਾ ਪ੍ਰਸਾਰ ਨਹੀਂ ਹੋਵੇਗਾ । ਇਸ ਲਈ ਉਸ ਨੇ ਨਵੀਂ ਹੀ ਮਰਯਾਦਾ ਤੇ ਨਿਯਮਾਵਲੀ ਸਥਾਪਨ ਕੀਤੀ, ਜਿਹੜੀ ਕੇਵਲ ਧਾਰਮਿਕ ਵਿਸ਼ਿਆਂ ਨੂੰ ਨਹੀਂ ਬਿਆਨਦੀ ਸੀ, ਸਗੋਂ ਉਸ ਦੇ ਪੈਰੋਕਾਰਾਂ ਦੇ ਮਨਾਂ ਅੰਦਰ ਮੁਕਾਬਲੇ ਤੇ ਸੂਰਮਤਾਈ ਦਾ ਜਜ਼ਬਾ ਦ੍ਰਿੜ੍ਹ ਕਰਦੀ ਸੀ, ਅਤੇ ਜਿਹੜੀ ਉਹਨਾਂ ਦੇ ਅੰਦਰ ਬਹਾਦਰੀ ਤੇ ਸੂਰਮਗਤੀ ਦੇ ਕਾਰਨਾਮਿਆਂ ਲਈ ਜੋਸ਼ ਪ੍ਰਜਵੱਲਿਤ ਕਰਦੀ ਸੀ। ਉਹਨਾਂ ਨੇ ਅਜਿਹੀ ਨਿਯਮਾਵਲੀ ਵਿਚ ਆਪਣੇ ਕਾਰਨਾਮਿਆਂ ਦੇ ਕਿੱਸਿਆਂ ਨੂੰ ਅਤੀ ਜੋਸ਼ੀਲੀ ਤੇ ਸਰਗਰਮ ਚੜ੍ਹਦੀ ਕਲਾ ਦੀ ਸ਼ਬਦਾਵਲੀ ਵਿਚ ਲਿਖ ਕੇ ਸ਼ਾਮਿਲ ਕੀਤਾ । ਉਸ ਨੇ ਹਿੰਦੂਆਂ ਦੀਆਂ ਜਾਤਾਂ ਨੂੰ ਇਕ ਪੱਧਰ ਤੇ ਲਿਆ ਖੜਾ ਕੀਤਾ ਅਤੇ ਐਲਾਨਿਆ ਕਿ ਇਕ ਦੂਜੇ ਨਾਲੋਂ ਕੋਈ ਵਡੇਰਾ ਨਹੀਂ ਹੈ । ਇਸ ਤਰ੍ਹਾਂ ਆਪਣੀ ਕੌਮ ਦੀ ਸ਼ਕਤੀ ਵਿਚ ਮਨੁੱਖੀ ਵਾਧਾ ਕੀਤਾ । ਉਸ ਨੇ ਉਸ ਵਿਸ਼ਾਲ ਇਮਾਰਤ ਦਾ ਨੀਂਹ-ਪੱਥਰ ਰੱਖਿਆ, ਜਿਸ ਨੇ ਸਿੱਖ ਕੌਮ ਨੂੰ ਪੰਜਾਬ ਅੰਦਰ ਮੁਸਲਮਾਨ ਹਕੂਮਤ ਦੇ ਖੋਲਿਆਂ, ਖੰਡਰਾਂ ਤੇ ਛੇਤੀ ਹੀ ਪਿੱਛੋਂ ਉਸਾਰਨ ਦੇ ਸਮਰੱਥ ਬਣਾਇਆ। ਆਪਣੀ ਕੌਮ ਨੂੰ ਬਦੇਸ਼ੀ ਜ਼ੁਲਮ ਤੇ ਗ਼ੁਲਾਮੀ ਤੋਂ ਆਜ਼ਾਦ ਕਰਵਾਇਆ ਅਤੇ ਫ਼ੌਜੀ ਕੌਮ ਦਾ ਦਰਜਾ ਤੇ ਆਚਰਨ ਬਖਸ਼ਿਆ। ਉਸ ਨੇ 'ਗੁਰਮਤਾ' ਜਾਂ ਰਾਜਕੀ ਸਭਾ (ਸਟੇਟ ਕੌਂਸਲ) ਕਾਇਮ ਕੀਤੀ, ਜਿਹੜੀ ਅੰਮ੍ਰਿਤਸਰ ਵਿਚ ਜੁੜਦੀ ਸੀ। ਇਸ ਰਾਜਕੀ ਸਭਾ ਵਿਚ ਸਭ ਪੱਧਰਾਂ ਦੇ ਸਿੱਖ ਸ਼ਾਮਿਲ ਸਨ । ਸਾਰਿਆਂ ਨੂੰ ਇਸ ਰਾਜਕੀ ਪ੍ਰਬੰਧਕੀ ਢਾਂਚੇ ਵਿਚ ਸਿਆਸੀ ਮਾਮਲਿਆਂ ਬਾਰੇ ਆਪਣੇ ਵਿਚਾਰ ਪਰਗਟ ਕਰਨ ਦਾ ਬਰਾਬਰ ਦਾ ਮੌਕਾ ਦਿੱਤਾ ਜਾਂਦਾ ਸੀ। ਉਸ ਦੇ ਨਿਸ਼ਾਨੇ ਬਹੁਤੇ ਉਚੇ ਸਨ ਤੇ ਕਾਰਜ ਜਿਹੜਾ ਵਿਢਿਆ ਸੀ, ਬਹੁਤ ਮਹਾਨ ਸੀ। ਭਾਵੇਂ ਉਹ ਆਪਣੇ ਕਾਰਨਾਮਿਆਂ ਦੀਆਂ ਥਾਵਾਂ ਤੋਂ ਦੂਰ, ਜੀਵਨ ਤੋਂ ਤੰਗ ਹੋਇਆ ਤੇ ਸ਼ਿਕਸਤਾ ਦਿਲ ਮਰ ਗਿਆ, ਪਰ ਫਿਰ ਵੀ ਉਹ ਇਕ ਮਹਾਨ ਸਿਆਸੀ ਕੌਮ ਦੀ ਨੀਂਹ ਰੱਖਣ ਦੇ ਸਨਮਾਨ ਦਾ ਹੱਕਦਾਰ ਹੈ। ਉਸ ਨੇ ਹਾਰੇ-ਕੁਚਲੇ ਲੋਕਾਂ ਨੂੰ ਕੌਮੀ ਆਜ਼ਾਦੀ ਤੇ ਰਾਜਕੀ ਚੜ੍ਹਤ ਦੀ ਪ੍ਰਾਪਤੀ ਦਾ ਰਾਹ ਦਿਖਾਇਆ । ਤਬਾਹੀਆਂ ਤੇ ਬਿਪਤਾਵਾਂ ਸਮੇਂ ਉਸ ਦਾ ਸੁਭਾਵਿਕ ਧੀਰਜ ਤੇ ਸਹਿਨਸ਼ੀਲਤਾ, ਮੈਦਾਨ ਅੰਦਰ ਉਸ ਦੀ ਬਹਾਦਰੀ ਤੇ ਸੂਰਬੀਰਤਾ ਦੇ ਬਰਾਬਰ ਹੀ ਸੀ। ਭਾਵੇਂ ਉਹ ਆਪਣੇ ਨਿਸ਼ਾਨਿਆਂ ਦੀ ਪੂਰਤੀ ਦੇਖਣ ਤੱਕ ਜੀਊਂਦਾ ਨਾ ਰਿਹਾ, ਪਰ ਇਹ ਸਭ ਨੇ ਮੰਨਿਆ ਹੈ ਕਿ ਵਿਗੜੇ ਹੋਏ ਜੱਟਾਂ ਦੇ ਟੋਲੇ (ਲੁੱਟ-ਮਾਰ, ਖੋਹਾ-ਖੋਹੀ ਤੇ ਖੇਤੀ ਧੰਦੇ ਦੇ ਆਦੀ, ਨੂੰ ਇਕ ਸਿਆਸੀ ਸਮੂਹ ਅਤੇ ਜੇਤੂਆਂ ਦੀ ਫ਼ੌਜ ਬਣਾ ਦੇਣਾ ਸੰਪੂਰਨ ਤੌਰ ਤੇ ਗੋਬਿੰਦ ਦੀ ਪ੍ਰਤਿਭਾ ਯਾ ਈਸ਼ਵਰੀ ਦਿਮਾਗ਼ ਦੀ ਕਰਾਮਾਤ ਸੀ। ਗੋਬਿੰਦ ਦਾ ਜੀਵਨ ਸਿੱਖਾਂ ਦੇ ਕੌਮੀ ਇਤਿਹਾਸ ਨਾਲ ਚੰਗੀ ਤਰ੍ਹਾਂ ਸੰਬੰਧਿਤ ਹੈ।

(੪) ਬੰਦਾ ਬੰਦੀ ਵਿਚ, ਬਹਾਦਰ ਸ਼ਹੀਦ (ਸਫ਼ਾ ੨੭੯-੨੮੦)

ਜਿੰਨੇ ਵੀ ਸਿੱਖ ਬੰਦੀ ਬਣਾਏ ਗਏ ਸਨ, ਉਹਨਾਂ ਵਿਚੋਂ ੭੪੦ ਦਿੱਲੀ ਪਹੁੰਚਾਏ ਗਏ। ਬੰਦੇ ਨੂੰ ਇਕ ਪਿੰਜਰੇ ਵਿਚ ਬੰਦ ਕੀਤਾ ਗਿਆ। ਦਿੱਲੀ ਵਿਚ ਕੈਦੀਆਂ ਨਾਲ ਸ਼ਰਮਨਾਕ ਬਦ-ਸਲੂਕੀ ਕੀਤੀ ਗਈ। ਉਹਨਾਂ ਦੀਆਂ ਸ਼ਕਲਾਂ ਅਤੀ ਘ੍ਰਿਣਤ ਤੇ ਕਮੀਨੀਆਂ ਦਿਖਾਉਣ ਲਈ, ਉਹਨਾਂ ਨੂੰ ਭੇਡਾਂ ਦੀਆਂ ਖੱਲਾਂ ਪੁਆਈਆਂ ਗਈਆਂ, ਉਹਨਾਂ ਨੂੰ ਖੋਤਿਆਂ ਤੇ ਊਠਾਂ ਤੇ ਚੜ੍ਹਾਇਆ ਗਿਆ ਅਤੇ ਸ਼ਹਿਰ ਦਿਆਂ ਆਮ ਲਾਂਘਿਆਂ ਅਤੇ ਜਨਤਕ ਥਾਵਾਂ ਤੇ ਨੁਮਾਇਸ਼ਾਂ ਕੀਤੀਆਂ ਗਈਆਂ । ਬੰਦੇ ਦਾ ਮੂੰਹ ਕਾਲਾ ਕਰ ਕੇ ਹਾਥੀ 'ਤੇ ਲੱਦਿਆ ਗਿਆ । ਊਨੀ ਟੋਪੀ ਉਸ ਦੇ ਸਿਰ ਤੇ ਪਾਈ ਗਈ । ਇਕ ਜੱਲਾਦ, ਹੱਥ ਵਿਚ ਤਲਵਾਰ ਲੈ ਕੇ ਉਸ ਦੇ ਸਿਰ 'ਤੇ ਖੜਾ ਸੀ । ਬੰਦੇ ਨੂੰ ਨਕਲੀ ਲੀਡਰ ਦੇ ਰੂਪ ਵਿਚ ਮੂਹਰੇ ਲਾਇਆ ਗਿਆ । ਉਸੇ ਦਿਨ ਉਹਨਾਂ ਵਿਚੋਂ ਇਕ ਸੌ ਨੂੰ ਲੋਕਾਂ ਦੇ ਤਾਹਨਿਆਂ ਤੇ ਮਖੌਲਾਂ ਕਰਦਿਆਂ, ਖੁਲ੍ਹੇ ਤੌਰ 'ਤੇ ਕਤਲ ਕਰ ਦਿੱਤਾ ਗਿਆ। ਨਿੱਤ ਏਨੇ ਹੀ ਕਤਲ ਕੀਤੇ ਜਾਂਦੇ। ਅੰਤ ਸਾਰੇ ਹੀ ਆਪਣੇ ਜੁਰਮਾਂ ਦਾ ਦੰਡ ਭੁਗਤ ਚੁੱਕੇ। ਉਹਨਾਂ ਬੜੀ ਲਾ-ਪਰਵਾਹੀ ਨਾਲ ਮੌਤ ਨੂੰ ਕਬੂਲਿਆ, ਸਗੋਂ ਸ਼ਹੀਦੀ ਦੀ ਪਹਿਲ ਲਈ ਰੌਲਾ ਪਾਉਂਦੇ ਸਨ। ਬੰਦੇ ਦੇ ਕਤਲ ਲਈ ਅਖ਼ੀਰੀ ਦਿਨ



www.AKJ.Org

ਰਾਖਵਾਂ ਕੀਤਾ ਗਿਆ। ਉਸ ਨੂੰ ਜੰਗਲੀ ਪਸ਼ੂ ਦੀ ਨਿਆਈਂ ਪਿੰਜਰੇ ਚੋਂ ਖਿਚਿਆ ਗਿਆ। ਉਸ ਨੂੰ ਲਾਲ ਰੰਗ ਦੀ ਪਗੜੀ ਤੇ ਗੋਟੇਵਾਲੀ ਸ਼ਾਹੀ ਪੁਸ਼ਾਕ ਪਹਿਨਾਈ ਗਈ। ਉਸ ਨੂੰ ਇਕ ਅਦਾਲਤ ਨੇ, ਜੋ ਇਸ ਨੂੰ ਪਹਿਲਾਂ ਹੀ ਮੌਤ ਦਾ ਫਤਵਾ ਦੇ ਚੁੱਕੀ ਸੀ, ਦੋਸ਼ੀ ਕਰਾਰ ਦਿੱਤਾ। ਉਸ ਦੇ ਸਾਥੀਆਂ, ਜਿਨ੍ਹਾਂ ਨੂੰ ਪਹਿਲਾਂ ਕਤਲ ਕੀਤਾ ਗਿਆ ਸੀ, ਦੇ ਸਿਰਾਂ ਨੂੰ ਨੇਜ਼ਿਆਂ ਤੇ ਟੰਗ ਕੇ ਉਸ ਦੇ ਦੁਆਲੇ ਨੁਮਾਇਸ਼ ਕੀਤੀ ਗਈ। ਜੱਲਾਦ ਨੰਗੀ ਤਲਵਾਰ ਲੈ ਕੇ ਉਸ ਦੇ ਪਿਛੇ ਜੱਜਾਂ ਦੇ ਹੁਕਮ ਦੀ ਤਾਮੀਲ ਲਈ ਤਿਆਰ ਖੜਾ ਸੀ। ਅਦਾਲਤ ਦੇ ਉਮਰਾਵਾਂ ਨੇ ਉਸ ਨੂੰ ਨਫ਼ਰਤ ਨਾਲ ਪੁਛਿਆ ਕਿ ਉਸ ਜੈਸੇ ਸਪਸ਼ਟ ਗਿਆਨ ਤੇ ਯੋਗਤਾ ਵਾਲੇ ਮਨੁੱਖ ਨੇ ਅਜਿਹੇ ਗੰਭੀਰ ਜ਼ੁਲਮ ਤੇ ਗੁੰਡਾਗਰਦੀ ਦੇ ਜੁਰਮ ਕਿਉਂ ਕੀਤੇ, ਜਿਨ੍ਹਾਂ ਲਈ ਯਮਰਾਜ ਦੇ ਨਰਕਾਂ ਵਿਚ ਲੰਮੇ ਸਮੇਂ ਲਈ ਤੋਬਾ ਤੇ ਪ੍ਰਾਸ਼ਚਿਤ ਲੋੜੀਂਦੇ ਹਨ।

ਉਸ ਨੇ ਇੱਟ ਦਾ ਜਵਾਬ ਪੱਥਰ ਨਾਲ ਦਿੱਤਾ ਕਿ ਉਹ ਸਰਬ-ਸ਼ਕਤੀਮਾਨ ਦੇ ਹੱਥਾਂ ਵਿਚ ਬਦਾਂ, ਬੁਰਿਆਂ ਨੂੰ ਸਜ਼ਾ ਦੇਣ ਲਈ ਇਕ ਕੋਰੜਾ ਸੀ ਅਤੇ ਉਹੀ ਇਖ਼ਤਿਆਰ ਹੁਣ ਹੋਰਨਾਂ ਨੂੰ ਉਸ ਨੂੰ ਉਸ ਦੀਆਂ ਵਧੀਕੀਆਂ ਦੀ ਸਜ਼ਾ ਦੇਣ ਲਈ ਦਿਤਾ ਗਿਆ ਹੈ। ਉਸ ਦਾ ਪੁਤਰ ਉਸ ਦੀ ਗੋਦ ਵਿਚ ਰੱਖਿਆ ਗਿਆ ਤੇ ਚਾਕੂ ਦੇ ਕੇ ਉਸ ਨੂੰ ਬੱਚੇ ਦਾ ਗਲਾ ਕੱਟਣ ਲਈ ਹੁਕਮ ਕੀਤਾ ਗਿਆ। ਉਹ ਜ਼ਰਾ ਵੀ ਨਾ ਝਿਜਕਿਆ, ਹੁਕਮ ਦੀ ਪਾਲਣਾ ਕਰ ਦਿੱਤੀ। ਫਿਰ ਉਸ ਦਾ ਸਰੀਰ ਲਾਲ ਗਰਮ ਲੋਹੇ ਨਾਲ ਬੋਟੀ ਬੋਟੀ ਕਰ ਦਿੱਤਾ ਗਿਆ। ਉਸ ਦੀ ਨਰਕੀ ਰੂਹ ਦੋਜ਼ਖ਼ਾਂ ਨੂੰ ਉੜ ਗਈ, ਜਿਥੋਂ ਦੀ ਇਹ ਹੱਕਦਾਰ ਸੀ।

(੫) ਸਿੱਖ ਕੌਮੀ ਗੀਤ (ਸਫ਼ਾ ੨੮੯-੨੯੦)

ਤੈਮੂਰ (ਅਹਿਮਦ ਸ਼ਾਹ ਅਬਦਾਲੀ ਦੇ ਵੱਡੇ ਪੁੱਤਰ) ਨੇ ਸਿੰਧ ਦੇ ਤਾਲਪੁਰ ਖ਼ਾਨਦਾਨ ਦੇ ਵਿਰੁੱਧ ਜੰਗ ਛੇੜ ਦਿੱਤੀ। ਇਸ ਸਮੇਂ (੧੭੭੩) ਸਿੱਖਾਂ ਦੇ ਮਾਲਕੀ ਕਬਜ਼ੇ ਪੂਰਬ ਵਿਚ ਸਹਾਰਨਪੁਰ ਤੋਂ ਪੱਛਮ ਵਿਚ ਅਟਕ ਤੱਕ, ਅਤੇ ਦੱਖਣ ਵਿਚ ਮੁਲਤਾਨ ਅਤੇ ਸਿੰਧ ਤੋਂ ਉਤਰ ਵਿਚ ਕਾਂਗੜਾ, ਜੰਮੂ ਤੇ ਭਿੰਬਰ ਤੱਕ ਪਸਰੇ ਹੋਏ ਸਨ। ਤੈਮੂਰ ਨੇ ਸਮਝ ਲਿਆ ਕਿ ਉਹ ਪੰਜਾਬ ਦੇ ਮਾਮਲਿਆਂ ਵਿਚ ਦਖ਼ਲ ਦੇਣ ਦੀ ਸਮਰੱਥਾ ਨਹੀਂ ਰੱਖਦਾ, ਤੇ ਨਾ ਹੀ ਤਾਕਤ ਨਾਲ ਲੜ ਕੇ ਸਿੱਖਾਂ ਦੇ ਵਿਕਾਸ ਨੂੰ ਰੋਕਣ ਜੋਗਾ ਹੈ। ਸਿੱਖਾਂ ਨੇ ਦੁਰਾਨੀ ਬਾਦਸ਼ਾਹ ਦੇ ਵਿਰੋਧੀ ਜ਼ਿਮੀਦਾਰਾਂ ਦੀ ਸਹਾਇਤਾ ਦਾ ਲਾਭ ਲੈ ਕੇ ਜਬਰੀ ਲੁੱਟਾਂ-ਮਾਰਾਂ ਅਤੇ ਹੱਲਿਆਂ ਦੁਆਰਾ ਆਪਣੀ ਸ਼ਕਤੀ ਵਿਚ ਬਹੁਤ ਵਾਧਾ ਕਰ ਲਿਆ। ਆਜ਼ਾਦ ਸਿੱਖ ਸਰਦਾਰ ਆਪਣੇ ਆਪਣੇ ਜ਼ਿਲਿਆਂ ਦੇ ਖ਼ੁਦਮੁਖ਼ਤਾਰ ਮਾਲਿਕ ਬਣ ਗਏ ਅਤੇ ਆਪਣੇ ਆਪਣੇ ਜਥੇ ਜਾਂ ਸਮੂਹ ਲਈ ਪੂਰੇ ਪੂਰੇ ਅਧਿਕਾਰ ਵਰਤਦੇ ਸਨ। ਆਪਣੇ ਆਪਣੇ ਸਰਦਾਰਾਂ ਦੇ ਅਧੀਨ ਵੱਖਰੇ ਵੱਖਰੇ ਜਥਿਆਂ ਨੇ ਮਿਲ ਕੇ ਸਾਂਝੀ ਕਨਫ਼ੈਡਰੇਸੀ, (Confederacy) ਅਰਥਾਤ ਰਾਜਕੀ ਪਰਬੰਧਕੀ ਢਾਂਚਾ ਮਿਸਲ ਦੇ ਰੂਪ ਵਿਚ ਬਣਾਇਆ, ਪਰ ਸਭ ਸਰਦਾਰ ਬਰਾਬਰ ਦੇ ਸਨ। ਸਰਦਾਰ ਆਪਣੇ ਧਰਮ ਦੇ ਬਾਨੀ ਦੀ ਬਣਾਈ ਮਰਯਾਦਾ ਜਾਂ ਕਾਨੂੰਨ ਅਨੁਸਾਰ ਪਰਬੰਧ ਕਰਦੇ ਸਨ। ਅਜਿਹੇ ਕਾਨੂੰਨ ਦੁਆਰਾ ਉਨ੍ਹਾਂ ਨੂੰ ਬੜੀ ਈਮਾਨਦਾਰੀ ਨਾਲ ਆਪਣੇ ਧਰਮ ਤੇ ਦੇਸ਼ ਦੀ ਸੇਵਾ ਕਰਨੀ ਹੀ ਪੈਂਦੀ ਸੀ। ਅਜਿਹਾ ਮਿਸਲੀ ਪਰਬੰਧ ਠੀਕ ਧਾਰਮਿਕ ਪ੍ਰਸ਼ਾਸਨ ਸੀ। ਅਜਿਹੇ ਸਰਕਾਰੀ ਢਾਂਚੇ ਲਈ ਸਾਰੇ ਮਾਮਲਿਆਂ ਨੂੰ ਨਜਿੱਠਣ ਲਈ ਇਕ ਮੁੱਖੀ ਦੀ ਸਥਾਪਨਾ ਜ਼ਰੂਰੀ ਸੀ। ਅਜਿਹਾ ਮੁਖੀ ਖਾਲਸੇ ਦੀ ਜਨਤਕ ਰਾਏ ਨਾਲ ਨੀਯਤ ਕੀਤਾ ਜਾਂਦਾ। ਅਕਾਲੀਆਂ ਨੇ ਅੰਮ੍ਰਿਤਸਰ ਵਿਚ ਇਕ ਕੌਮੀ ਲੀਗ ਵੀ ਸਥਾਪਤ ਕਰ ਲਈ। ਅਜਿਹੀ ਸਭਾ ਦਾ ਫ਼ਰਜ਼ ਸੀ ਕਿ ਆਪਣੇ ਰੂਹਾਨੀ ਆਗੂ ਦੀ ਸਹਾਇਤਾ ਲੈ ਕੇ ਦਸਮ ਗ੍ਰੰਥ ਅਨੁਸਾਰ ਦੇਸ਼ ਦੇ ਅੰਦਰਲੇ ਬਾਹਰਲੇ ਮਾਮਲਿਆਂ ਦੇ ਪਰਬੰਧ ਦੀ ਦੇਖ ਰੇਖ, ਮੁਹਿੰਮਾਂ ਦੀ ਵਿਉਂਤਬੰਦੀ, ਕੌਮੀ ਖ਼ਤਰੇ ਦੀ ਨਵਿਰਤੀ ਅਤੇ ਧਾਰਮਿਕ ਪਰਚਾਰ ਦਾ ਪਸਾਰਾ ਕਰੇ। ਪਵਿੱਤਰ ਕੜਾਹ ਪ੍ਰਸ਼ਾਦ, ਸੰਗਤ ਵਲੋਂ ਪਰਨਾਮਿਤ, ਗੁਰੂ ਨਾਨਕ ਦੇ ਫ਼ੁਰਮਾਨ ਦੇ ਸਤਿਕਾਰ ਵਜੋਂ ਇਸ ਸਮੇਂ ਵਰਤਾਇਆ ਜਾਂਦਾ ਤੇ ਛਕਿਆ ਜਾਂਦਾ। ਸਾਰੇ ਪਾਵਨ ਗ੍ਰੰਥ ਅਗੇ ਸਿਰ ਝੁਕਾਉਂਦੇ, ਖਾਲਸਾ ਜੀ ਦੇ ਸੂਰਮੇ, ਅਕਾਲੀ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ" ਗਜਾਉਂਦੇ। ਇਸ ਰਸਮ ਸਮੇਂ ਰਾਗੀ ਸੰਗਤ ਦੇ ਪਰਚਾਵੇ ਲਈ ਬੀਰ ਰਸੀ ਤੇ ਪਵਿੱਤਰ ਸੁਰਾਂ ਵਿਚ ਨੈਸ਼ਨਲ ਐਨਥਮ (ਕੌਮੀ ਗੀਤ) ਗਾਉਂਦੇ। (ਨੋਟ : ਕੋਈ ਵਿਦਵਾਨ ਖੋਜੀ ਦੱਸਣ ਦੀ ਖੇਚਲ ਕਰੇ ਕਿ ਕੀ ਇਥੇ 'ਨੈਸ਼ਨਲ ਐਨਥਮ' ਦਾ ਕਿਸੇ ਖ਼ਾਸ ਸ਼ਬਦ ਜਾਂ ਸ਼ਬਦਾਂ ਵੱਲ ਇਸ਼ਾਰਾ ਹੈ ? ਜੇ ਹੈ ਤਾਂ ਕਿਹੜੇ ਸ਼ਬਦ ਵੱਲ ?)



www.AKJ.Org

# ਸ੍ਰੀ ਹਰਿਮੰਦਰ ਸਾਹਿਬ ਤੇ ਪੰਥਕ ਕਬਜ਼ਾ

[ਸ: ਨਰੈਣ ਸਿੰਘ ਜੀ ਐਮ. ਏ., ਸਾਬਕਾ ਮੈਨੇਜਰ ਨਨਕਾਣਾ ਸਾਹਿਬ ਐਸਟੇਟ, ਪਟਿਆਲਾ]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਖੀ ਬੀਜ, ਸ਼ਾਂਤ-ਰਸ ਦੇ ਵੱਤਰ ਵਿਚ ਦੱਬ ਕੇ ਸਿਖ ਧਰਮ ਦਾ ਬੂਟਾ ਪ੍ਰਫੁਲਤ ਕੀਤਾ ਸੀ। ਪੰਜਵੇਂ ਪਾਤਸ਼ਾਹ ਤੱਕ ਇਸ ਬੂਟੇ ਨੂੰ ਸਤਿਗੁਰਾਂ ਨੇ ਨਾਮ ਬਾਣੀ ਸਿਮਰਨ ਦੇ ਜਲ ਨਾਲ ਹਰਾ ਕੀਤਾ, ਤੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ, ਆਪਣੀ ਸ਼ਹਾਦਤ ਦੀ ਖਾਦ ਪਾਈ। ਆਪ ਜੀ ਦੇ ਸਪੁੱਤਰ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਇਸ ਸਿਖੀ ਰੂਪੀ ਫੁਲਵਾੜੀ ਨੂੰ ਬੀਰ-ਰਸ ਦੀ ਖਾਰਦਾਰ ਵਾੜ ਕਰਨ ਵਾਸਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਐਨ ਸਾਹਮਣੇ ਇਕ ਥੜਾ ਬਣਾਇਆ ਅਤੇ ਹੁਕਮ ਦਿਤਾ ਕਿ ਇਥੇ ਚੌਥੇ ਪਹਿਰ ਦੀਵਾਨ ਲਗਾ ਕੇ ਸਿਖੀ ਵਿਚ ਬੀਰ ਰਸ ਭਰਨ ਲਈ ਯੋਧਿਆਂ ਦੀਆਂ ਵਾਰਾਂ ਗਾ ਕੇ ਸੰਗਤਾਂ ਨੂੰ ਸੁਣਾਈਆਂ ਜਾਣ। ਸਾਹਿਬਾਂ ਨੇ ਇਸ ਦਾ ਨਾਮ ਅਕਾਲ ਤਖ਼ਤ ਸਾਹਿਬ ਰਖਿਆ। ਇਹ ਪਹਿਲੀ ਅਦਾਲਤ ਸੀ ਜਿਥੇ ਬੈਠ ਕੇ ਆਪ ਸਿੱਖਾਂ ਦੇ ਮੁਕੱਦਮੇ ਸੁਣਦੇ, ਅਤੇ ਫ਼ੈਸਲੇ ਕਰਦੇ ਸਨ। ਆਪ ਜੀ ਦਾ ਇਨਸਾਫ਼ ਇਤਨਾ ਮਸ਼ਹੂਰ ਹੋਇਆ ਕਿ ਆਪ ਜੀ ਨੂੰ 'ਸੱਚਾ ਪਾਤਸ਼ਾਹ' ਕਹਿਆ ਜਾਣ ਲਗਾ। ਮਿਸਲਾਂ ਦੇ ਜ਼ਮਾਨੇ ਵਿਚ ਭੀ ਇਥੇ ਮੁਕੱਦਮੇ ਪੇਸ਼ ਹੁੰਦੇ ਅਤੇ ਫ਼ੈਸਲੇ ਹੁੰਦੇ ਰਹੇ। ਇਕ ਬ੍ਰਾਹਮਣ, ਜੋ ਕਸੂਰ ਦਾ ਸੀ, ਨੇ ਆਪਣੀ ਬ੍ਰਾਹਮਣੀ ਪਠਾਣਾਂ ਵਲੋਂ ਖੋਹੇ ਜਾਣ ਦੀ ਪੁਕਾਰ ਏਥੇ ਕੀਤੀ ਤਾਂ ਖਾਲਸਾ ਜੀ ਨੇ ਸੈਂਕੜੇ ਜਾਨਾਂ ਵਾਰ ਕੇ ਬ੍ਰਾਹਮਣੀ ਛੁਡਾ ਕੇ ਬ੍ਰਾਹਮਣ ਨੂੰ ਦਿਤੀ।

ਅਕਾਲ ਤਖ਼ਤ ਸਾਹਿਬ ਜੀ ਦੀ ਮੌਜੂਦਾ ਇਮਾਰਤ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਨੇ ਬਣਵਾਈ ਸੀ।

ਝੱਬਰ ਤੇ ਭਾਈ ਤੇਜਾ ਸਿੰਘ ਚੂਹੜਕਾਣਾ, ਬਟਾਲੇ ਸਟੇਸ਼ਨ ਤੋਂ ਚੂਹੜਕਾਣੇ ਦੀਆਂ ਟਿਕਟਾਂ ਖ਼ਰੀਦਣ ਲਗੇ ਤਾਂ ਭੁਚਰ ਜੀ ਨੇ ਇਹਨਾਂ ਨੂੰ ਪਿਛਾਂਹ ਹਟਾ ਕੇ ਇਹਨਾਂ ਦੀ ਅਤੇ ਆਪਣੀ ਟਿਕਟ ਭੀ ਅੰਮ੍ਰਿਤਸਰ ਦੀ ਲੈ ਲਈ। ਅੰਮ੍ਰਿਤਸਰ ਸਟੇਸ਼ਨ ਤੇ ਪੁਜੇ, ਉਥੋਂ ਪੈਦਲ ਚਲ ਕੇ ਜਦ ਮਾਈ ਸੇਵਾਂ ਦੇ ਬਜ਼ਾਰ ਵਿਚ ਪੁਜੇ ਤਾਂ ਅਗੋਂ ਬਜ਼ਾਰ ਵਿਚ ਇਹਨਾਂ ਨੂੰ ਮਾਸਟਰ ਚੰਦਾ ਸਿੰਘ ਜੀ 'ਪੰਥ ਸੇਵਕ' ਅਖ਼ਬਾਰ ਦੇ ਐਡੀਟਰ ਮਿਲੇ। ਉਨ੍ਹਾਂ ਨੇ ਬੜੇ ਉਤਾਵਲੇ ਹੋ ਕੇ ਆਖਿਆ, "ਝੱਬਰ ਜੀ! ਆਪ ਸਬੱਬ ਨਾਲ ਆ ਗਏ ਹੋ। ਇਸ ਵੇਲੇ ਤੁਹਾਡੀ ਉਮਤ (ਝੱਬਰ ਜੀ ਸ਼ੁਧੀ ਦਾ ਪਰਚਾਰ ਬਹੁਤ ਕਰਦੇ ਹੁੰਦੇ ਸੀ, ਜੋ ਸ਼ੁਧ ਹੁੰਦੇ ਸਨ, ਉਹਨਾਂ ਵਲ ਇਸ਼ਾਰਾ ਕਰ ਕੇ) ਦਰਬਾਰ ਸਾਹਿਬ ਕੜਾਹ ਪ੍ਰਸ਼ਾਦ ਲੈ ਕੇ ਗਈ ਹੈ, ਪਰ ਪੁਜਾਰੀ ਉਨ੍ਹਾਂ ਨੂੰ ਅੰਦਰ ਨਹੀਂ ਵੜਨ ਦੇਂਦੇ।

ਇਹ ਸੁਣਦੇ ਹੀ ਇਹ ਆਪਣੇ ਜੋੜੇ ਇਹਨਾਂ ਪ੍ਰੇਮੀਆਂ ਦੀ ਦੁਕਾਨ ਤੇ ਸੁਟ ਦੌੜ ਕੇ ਸ੍ਰੀ ਦਰਬਾਰ ਸਾਹਿਬ ਪੁਜੇ ਅਤੇ ਹਜੂਮ ਵਿਚੋਂ ਲੰਘ ਕੇ ਇਹ ਸ੍ਰੀ ਦਰਬਾਰ ਸਾਹਿਬ ਵਿਚ ਬੈਠੀ ਸੰਗਤ ਦੇ ਅਗੇ ਜਾ ਬੈਠੇ।

ਸ੍ਰੀ ਅੰਮ੍ਰਿਤਸਰ ੧੦, ੧੧ ਤੇ ੧੨ ਅਕਤੂਬਰ ੧੯੨੦ ਈ: ਨੂੰ ਚੀਫ਼ ਖਾਲਸਾ ਦੀਵਾਨ ਦੀ ਸਲਾਹ ਨਾਲ ਖਾਲਸਾ ਬ੍ਰਾਦਰੀ* ਦਾ ਦੀਵਾਨ ਜਲ੍ਹਿਆਂ ਵਾਲੇ ਬਾਗ਼ ਵਿਚ ਪੰਜਾਬ ਭਰ ਦੇ ਰਵਿਦਾਸੀਏ ਸਿਖਾਂ ਵਲੋਂ ਕੀਤਾ ਗਿਆ,

---

*ਖ਼ਾਲਸਾ ਬ੍ਰਾਦਰੀ—

ਫ਼ਿਲੌਰ ਜ਼ਿਲਾ ਜਲੰਧਰ ਦੇ ਪਾਸ ਇਕ ਪਿੰਡ ਬਕਾਪੁਰ ਹੈ। ਏਥੋਂ ਦਾ ਇਕ ਮੁਸਲਮਾਨ ਸਕੂਲ-ਮਾਸਟਰ ਲਾਗਲੇ ਪਿੰਡ ਮੁੰਡੇ ਪੜ੍ਹਾਣ ਜਾਂਦਾ ਸੀ। ਰਸਤੇ ਵਿਚ ਇਕ ਨਿਰਮਲੇ ਸੰਤ ਦੀ ਕੁਟੀਆ ਸੀ। ਮਾਸਟਰ ਜਾਂਦੇ ਆਉਂਦੇ ਸੰਤ ਜੀ ਪਾਸ ਬਹਿਣ ਖਲੋਣ ਲਗ ਗਿਆ। ਇਸ ਤੇ ਸੰਤ ਦਾ ਇਨਾ ਪ੍ਰਭਾਵ ਪਿਆ ਕਿ ਇਹ ਜਪੁਜੀ ਸਾਹਿਬ ਦਾ ਪਾਠ ਕਰਨ ਲਗ ਪਿਆ ਤੇ ਗੁਰਮੁਖੀ ਵੀ ਪੜ੍ਹ ਲਈ। ਸਿਖੀ ਦੀ ਲਗਨ ਲਗ ਗਈ। ਘਰ ਵਿਚ ਤਹਿਖ਼ਾਨਾ ਬਣਾ ਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ। ਆਪਣੇ ਘਰ ਵਿਚ ਸਾਰੇ ਬਾਲ ਬੱਚਿਆਂ ਨੂੰ ਅਤੇ

(ਬਾਕੀ ਦੇਖੋ ਸਫ਼ਾ ੩੨ ਦੇ ਹੇਠ)



www.AKJ.Org

ਸੀ। ਇਹਨਾਂ ਨੇ ਮਿਤੀ ੧੧-੧੦-੨੦ ਨੂੰ ਪਾਸ ਕੀਤਾ ਸੀ ਕਿ ਪੁਜਾਰੀ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ-ਤਖ਼ਤ ਸਾਹਿਬ ਸਾਡਾ ਪ੍ਰਸ਼ਾਦ ਨਹੀਂ ਚੜ੍ਹਨ ਦੇਂਦੇ । ਅਸੀਂ ਇਸ ਮਜ਼ਬੀ ਗ਼ੁਲਾਮੀ ਨੂੰ ਦੂਰ ਕਰਨ ਲਈ ਭਲਕੇ ਕੜਾਹ ਪ੍ਰਸ਼ਾਦ ਲੈ ਕੇ ਸ੍ਰੀ ਦਰਬਾਰ ਸਾਹਿਬ ਚਲਣਾ ਹੈ । ਇਹਨਾਂ ਨੂੰ ਖ਼ਾਲਸਾ ਕਾਲਜ ਦੇ ਪ੍ਰੋਫ਼ੈਸਰਾਂ ਅਤੇ ਨੌਜਵਾਨ ਵਿਦਿਆਰਥੀਆਂ ਨੇ ਨਾਲ ਜਾਣ ਦਾ ਭਰੋਸਾ ਦਿਤਾ । ੧੨ ਅਕਤੂਬਰ ੧੯੨੦ ਨੂੰ ਇਹ ਪ੍ਰੇਮੀ ਜਲ੍ਹਿਆਂ ਵਾਲੇ ਬਾਗ ਵਿਚੋਂ ਸਮੇਤ ਖ਼ਾਲਸਾ ਕਾਲਜ ਦੇ ਕੁਝ ਪ੍ਰੋਫ਼ੈਸਰਾਂ ਅਤੇ ਵਿਦਿਆਰਥੀਆਂ (ਲੇਖਕ ਇਨ੍ਹਾ ਵਿਚ ਸ਼ਾਮਲ ਸੀ) ਦਾ ਜਥਾ ਬਣਾ ਕੇ ਕੜਾਹ ਪ੍ਰਸ਼ਾਦ ਲੈ ਕੇ ੯ ਵਜੇ ਸ੍ਰੀ ਦਰਬਾਰ ਸਾਹਿਬ ਪੁਜੇ । ਪੁਜਾਰੀਆਂ ਨੇ ਪਹਿਲੋਂ ਤਾਂ ਇਨ੍ਹਾਂ ਨੂੰ ਅੰਦਰ ਆਉਣ ਤੋਂ ਰੋਕਿਆ, ਪਰ ਸੰਗਤ ਬਹੁਤ ਸੀ, ਅੰਦਰ ਲੰਘ ਗਏ । ਜਦ ਕੜਾਹ ਪ੍ਰਸ਼ਾਦ ਦੀ ਅਰਦਾਸ ਕਰਨ ਲਈ ਪੁਜਾਰੀਆਂ ਨੂੰ ਕਿਹਾ ਗਿਆ ਤਾਂ ਉਨ੍ਹਾਂ ਇਨਕਾਰ ਕਰ ਦਿਤਾ। ਪ੍ਰੋਫ਼ੈਸਰਾਂ ਨੇ ਭੀ ਬਹੁਤ ਕਿਹਾ, ਪਰ ਪੁਜਾਰੀਆਂ ਇਕ ਨਾ ਮੰਨੀ । ਅਖ਼ੀਰ ਬਾਵਾ ਹਰਕ੍ਰਿਸ਼ਨ ਸਿੰਘ ਪ੍ਰੋਫ਼ੈਸਰ ਖ਼ਾਲਸਾ ਕਾਲਜ ਨੇ ਆਖਿਆ, "ਖ਼ਾਲਸਾ ਜੀ, ਇਹ ਕੋਈ ਸਾਡੇ ਨਾਲੋਂ ਵਡੇ ਸਿਖ ਹਨ ? ਅਸੀਂ ਭੀ ਸਿਖ ਹਾਂ, ਅਸੀਂ ਆਪਣੇ ਪ੍ਰਸ਼ਾਦ ਦਾ ਅਰਦਾਸਾ ਭੀ

(ਸਫਾ ੩੧ ਦੇ ਫੁਟਨੋਟ ਦੀ ਬਾਕੀ)

ਆਪਣੀ ਔਰਤ ਨੂੰ ਭੀ ਜਪੁਜੀ ਸਾਹਿਬ ਕੰਠ ਕਰਾਇਆ ਤੇ ਗੁਰਮੁਖੀ ਪੜ੍ਹਾਈ।

ਦੇਵਨੇਤ ਔਰਤ ਚੜ੍ਹਾਈ ਕਰ ਗਈ ਤਾਂ ਇਸ ਨੇ ਸਿੰਘ ਬੁਲਾ ਕੇ ਉਸ ਔਰਤ ਦਾ ਸਸਕਾਰ ਕੀਤਾ। ਹਿੰਦੂ ਮੁਸਲਮਾਨਾਂ ਵਿਚ ਬੜੀ ਚਰਚਾ ਹੋਈ । ਇਸ ਨੇ ਬਾਬੂ ਤੇਜਾ ਸਿੰਘ ਜੀ ਭਸੌੜ ਨੂੰ ਸਦਿਆ। ਜੋੜ ਮੇਲਾ ਕੀਤਾ। ਬਾਬੂ ਜੀ ਨੇ ਪਰਚਾਰ ਕੀਤਾ ਕਿ ਇਸ ਨੂੰ ਅੰਮ੍ਰਿਤ ਛਕਾ ਕੇ ਅਭੇਦ ਕੀਤਾ ਜਾਵੇ, ਪਰ ਪੇਂਡੂ ਲੋਕ ਭਰਮੀ ਹੁੰਦੇ ਹਨ, ਉਨ੍ਹਾਂ ਨੇ ਇਨਕਾਰ ਕੀਤਾ।

ਇਸ ਤੋਂ ਕੁਝ ਸਮਾਂ ਪਿਛੋਂ ਬਾਬੂ ਜੀ ਨੂੰ ਬੁਲਾ ਕੇ ਇਸ ਨੇ ਆਖਿਆ, ਤੁਸੀਂ ਮੈਨੂੰ ਅੰਮ੍ਰਿਤ ਛਕਾ ਦਿਓ, ਮੇਰੇ ਨਾਲ ਕੋਈ ਵਰਤੇ ਜਾ ਨਾ, ਮੈਂ ਤਾਂ ਆਪ ਸਿੰਘ ਸਜਣਾ ਹੈ । ਤਾਂ ਬਾਬੂ ਤੇਜਾ ਸਿੰਘ ਤੇ ਪੰਜ ਪਿਆਰਿਆਂ ਨੇ ਅੰਮ੍ਰਿਤ ਛਕਾ ਦਿਤਾ ਤੇ ਨਾਮ ਲਖਮੀਰ ਸਿੰਘ ਰਖਿਆ । ਹੁਣ ਸਿਖੀ ਵਿਚ ਉਚਿਆਂ ਹੋਣ ਵਾਸਤੇ ਬੱਕਾਪੁਰ ਛਡ ਕੇ ਇਸਨੇ ਸ੍ਰੀ ਅੰਮ੍ਰਿਤਸਰ ਰਿਹਾਇਸ਼ ਆ ਕੀਤੀ । ਏਥੇ ਨਿਯਮ ਨਾਲ ਜਦ ਸ੍ਰੀ ਦਰਬਾਰ ਸਾਹਿਬ ਜੀ ਦਾ ਦਰਸ਼ਨੀ ਦ੦ਵਾਜ਼ਾ ਖੁਲ੍ਹਣਾ ਤਾਂ ਲਖਮੀਰ ਸਿੰਘ ਪ੍ਰਕਰਮਾ ਵਿਚ ਫਿਰਦਾ ਸੁਖਮਨੀ ਸਾਹਿਬ ਜੀ ਦਾ ਪਾਠ ਕਰਕੇ ਦਰਵਾਜ਼ੇ ਅਗੇ ਬੈਠਾ ਹੁੰਦਾ। ਇਸ ਤਰ੍ਹਾ ਇਸਦੀ ਮਸ਼ਹੂਰੀ ਹੋਣ ਲਗੀ । ਇਉਂ ੧੨ ਸਾਲ ਬੀਤ ਗਏ। ਹੁਣ ਲਖਮੀਰ ਸਿੰਘ ਸ੍ਰੀ ਅੰਮ੍ਰਿਤਸਰ ਵਿਚ ਸੰਤ ਲਖਮੀਰ ਸਿੰਘ ਜੀ ਕਰਕੇ ਮਸ਼ਹੂਰ ਹੋ ਗਏ। ਸਰਦਾਰ ਮਜੀਠੀਆ, ਭਾਈ ਵੀਰ ਸਿੰਘ ਜੀ ਤੇ ਵਡੇ ਵਡੇ ਸਿਖ ਇਨ੍ਹਾਂ ਦੀ ਸੰਗਤ ਵਿਚ ਬੈਠਣ ਲਗ ਗਏ, ਬਲਕਿ ਕਈ ਹਿੰਦੂ ਸੇਠ ਤੇ ਧਾਰਮਕ ਲੋਕੀ ਆਪ ਜੀ ਦੇ ਸੇਵਕ ਬਣ ਗਏ।

ਸ਼ਰਈ ਸਿਖਾਂ ਨੇ ਆਪ ਜੀ ਦੇ ਖਿਲਾਫ਼ ਰੌਲਾ ਪਾਇਆ ਕਿ ਸੰਤ ਲਖਮੀਰ ਸਿੰਘ ਗੁਰਮਤਿ ਦੇ ਖ਼ਿਲਾਫ਼ ਮੱਥੇ ਟਿਕਾਉਂਦਾ ਤੇ ਗੁਰੂ ਬਣਦਾ ਹੈ। ਮਹਾਸ਼ਾ ਧਰਮ ਪਾਲ ਨੇ ਜਦ ਆਰੀਆ ਸਮਾਜ ਛਡਿਆ ਤਾਂ ਆਪਣੇ ਰਸਾਲੇ ਵਿਚ ਲਿਖਿਆ, "ਹਿੰਦੂ ਕੌਮ ਦਾ ਹਾਜ਼ਮਾ ਕਮਜ਼ੋਰ ਹੈ । ਇਹ ਮੁਸਲਮਾਨ ਨੂੰ ਹਜ਼ਮ ਨਹੀਂ ਕਰ ਸਕਦੀ, ਅਗਰ ਕਿਸੇ ਮੁਸਲਮਾਨ ਨੇ ਇਸਲਾਮ ਛਡਣਾ ਹੋਵੇ ਤਾਂ ਉਹ ਸਿਖ ਬਣੇ। ਸਿਖ ਕੌਮ ਦਾ ਹਾਜ਼ਮਾ ਜ਼ਬਰਦਸਤ ਹੈ। ਸ੍ਰੀ ਅੰਮ੍ਰਿਤਸਰ ਵਿਚ ਕਰੀਮ ਬਖਸ਼ ਅੰਮ੍ਰਿਤ ਛਕ ਕੇ ਸਿਖ ਬਣਿਆ । ਹਿੰਦੂ ਉਸ ਨੂੰ ਸੰਤ ਲਖਮੀਰ ਸਿੰਘ ਕਰਕੇ ਮੱਥੇ ਟੇਕਦੇ ਤੇ ਪੂਜਾ ਕਰਦੇ ਹਨ।"

ਸੰਤ ਲਖਮੀਰ ਸਿੰਘ ਜੀ ਦਾ ਪੁਤਰ ਭਾਈ ਮਹਿਤਾਬ ਸਿੰਘ ਬੀਰ ਹੋਇਆ। ਇਹ ਚਾਰ ਭਾਈ ਸਨ। ਏਸ ਨੇ ਖ਼ਾਲਸਾ ਬਰਾਦਰੀ ਕਾਇਮ ਕੀਤੀ ਤੇ ਸਾਰੇ ਪੰਜਾਬ ਦੇ ਸੁਧ ਹੋਏ ਸਿਖ ਜਥੇਬੰਦ ਕਰ ਲਏ। ਜਲ੍ਹਿਆਂ ਵਾਲੇ ਬਾਗ ਵਿੱਚ ਦੀਵਾਨ ਕੀਤਾ ਅਤੇ ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਤੇ ਪ੍ਰਸ਼ਾਦ ਚੜ੍ਹਾਣ ਆਏ।


www.AKJ.Org

ਆਪ ਕਰਦੇ ਹਾਂ। ਇਹ ਬੇਸ਼ਕ ਨਾ ਕਰਨ । ਉਠੋ, ਅਰਦਾਸਾ ਹੁੰਦਾ ਹੈ।'' ਖ਼ਾਲਸਾ ਕਾਲਜ ਦੇ ਇਕ ਵਿਦਿਆਰਥੀ ਨੇ ਅਰਦਾਸਾ ਕੀਤਾ।

ਸਿੰਘਾਂ ਨੇ ਹਾਲੀ ਪ੍ਰਸ਼ਾਦ ਵਰਤਾਣਾ ਸ਼ੁਰੂ ਕਰਨਾ ਹੀ ਸੀ ਕਿ ਉਤੋਂ ਝੱਬਰ ਜੀ ਤੇ ਭੁਚਰ ਜੀ ਪੁਜ ਗਏ। ਝੱਬਰ ਨੇ ਬੈਠਦੇ ਸਾਰ ਹੀ ਇਕ ਸਿੰਘ ਕੋਲੋਂ ਪੁਛਿਆ ਕਿ ਪੁਜਾਰੀਆਂ ਨੇ ਪ੍ਰਸ਼ਾਦ ਪ੍ਰਵਾਨ ਕੀਤਾ ਹੈ ਕਿ ਨਹੀਂ ? ਉਸ ਸਿੰਘ ਨੇ ਸਾਰਾ ਹਾਲ, ਜੋ ਵਰਤਿਆ ਸੀ, ਸੁਣਾਇਆ ਅਤੇ ਕਿਹਾ, ਪੁਜਾਰੀਆਂ ਨੇ ਸੰਗਤ ਦੀ ਕੋਈ ਗੱਲ ਨਹੀਂ ਮੰਨੀ। ਝੱਬਰ ਜੀ ਉਸੇ ਵੇਲੇ ਖੜੇ ਹੋ ਗਏ, ਅਤੇ ਪ੍ਰਸ਼ਾਦ ਵੰਡਣ ਵਾਲੇ ਸਿੰਘਾਂ ਨੂੰ ਕਿਹਾ : ਬੈਠ ਜਾਓ। ਉਹ ਬੈਠ ਗਏ। ਇਨ੍ਹਾਂ ਨੇ ਪੁਜਾਰੀਆਂ ਨੂੰ ਮੁਖ਼ਾਤਬ ਹੋ ਕੇ ਪੁਛ ਕੀਤੀ, ''ਪੁਜਾਰੀ ਸਿੰਘੋ, ਤੁਸੀਂ ਦਸੋ, ਇਹ ਹਰਿਮੰਦਰ ਸਾਹਿਬ ਤੁਹਾਡੇ ਪਿਉ ਦਾਦੇ ਨੇ ਬਣਾਇਆ ਹੈ ? ਕੀ ਤੁਹਾਡੀ ਇਹ ਕੋਈ ਬਾਪ ਦਾਦੇ ਦੀ ਮਲਕੀਅਤ ਹੈ ? ਕੀ ਇਹ ਗੁਰੂ ਰਾਮਦਾਸ ਜੀ ਦਾ ਸਾਜਿਆ ਹੋਇਆ ਨਹੀਂ ਹੈ ? ਜੇਕਰ ਤੁਹਾਡੇ ਵਡਿਆਂ ਨੇ ਬਣਵਾਇਆ ਹੋਵੇ ਤਾਂ ਜੋ ਮਰਜ਼ੀ ਕਰੋ, ਅਤੇ ਜੇਕਰ ਇਹ ਦਰਬਾਰ ਸਾਹਿਬ ਗੁਰੂ ਕਾ ਹੈ ਤਾਂ ਇਸ ਦਾ ਮਾਲਕ ਪੰਥ ਹੈ ਅਤੇ ਤੁਸੀਂ ਝਾੜੂ-ਬਰਦਾਰ ਹੋ। ਦੂਜੇ, ਕੀ ਤੁਸੀਂ ਦੱਸ ਸਕਦੇ ਹੋ ਕਿ ਗੁਰਬਾਣੀ ਵਿਚ ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਜੀ, ਗੁਰੂ ਕੇ ਨਿਕਟਵਰਤੀ ਸਿਖਾਂ ਨੇ ਕਿਤੇ ਲਿਖਿਆ ਹੋਵੇ, ਜਾਂ ਸ੍ਰੀਮਾਨ ਭਾਈ ਸੰਤੋਖ ਸਿੰਘ ਜੀ ਨੇ ਸੂਰਜ ਪ੍ਰਕਾਸ਼ ਵਿਚ ਇਹ ਲਿਖਿਆ ਹੋਵੇ ਕਿ ਜਦ ਖਤਰੀ, ਅਰੋੜੇ, ਰਾਮ-ਗੜ੍ਹੀਏ ਆਦਿ ਆਉਣ ਤਾਂ ਸ੍ਰੀ ਦਰਬਾਰ ਸਾਹਿਬ ਪ੍ਰਸ਼ਾਦ ਚੜ੍ਹਾ ਸਕਦੇ ਹਨ ਅਤੇ ਅਮਕੀ ਜਾਤ ਦਾ ਪ੍ਰਸ਼ਾਦ ਦਰਬਾਰ ਸਾਹਿਬ ਪ੍ਰਵਾਨ ਨਹੀਂ ਹੋ ਸਕਦਾ ? ਉਤਰ ਦਿਓ, ਬੋਲੋ ?'', ਇਕ ਪੁਜਾਰੀ ਸਿੰਘ ਉਠ ਕੇ ਬੋਲਿਆ, ''ਜੀ, ਅਸੀਂ ਏਨੇ ਪੜ੍ਹੇ ਨਹੀਂ ਹਾਂ, ਉਤਰ ਨਹੀਂ ਦੇ ਸਕਦੇ।'' ਤਾਂ ਝੱਬਰ ਨੇ ਕਿਹਾ, ''ਸਾਧ ਸੰਗਤ ਦਾ ਹੁਕਮ ਮੰਨੋ । ਜੇ ਤੁਸੀਂ ਪੰਥ ਦਾ ਹੁਕਮ ਨਹੀਂ ਮੰਨੋਗੇ ਤਾਂ ਤੁਹਾਨੂੰ ਅਸੀਂ ਹੁਣੇ ਧਕੇ ਮਾਰ ਕੇ ਬਾਹਰ ਕੱਢ ਦੇਵਾਂਗੇ, ਅਤੇ ਗੁਰੂ ਕੇ ਝਾੜੂ-ਬਰਦਾਰ ਅਸੀਂ ਹੋਰ ਮੁਕੱਰਰ ਕਰ ਦੇਵਾਂਗੇ।''

ਇਉਂ ਬੇੜੇ ਵਾਦ-ਵਿਵਾਦ ਪਿਛੋਂ ਝੱਬਰ ਜੀ ਦੇ ਸੁਝਾਉ ਤੇ ਦੋਵੇਂ ਧਿਰਾਂ ਇਸ ਗੱਲ ਤੇ ਰਜ਼ਾਮੰਦ ਹੋ ਗਈਆਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਹੁਕਮ ਲਿਆ ਜਾਏ । ਤਾਬਿਆ ਬੈਠੇ ਹੈਡ ਪੁਜਾਰੀ ਨੇ ਹੁਕਮ ਲਿਆ, ਜੋ ਪੰਨਾ ੬੩੮ ਤੇ ਇਸ ਪ੍ਰਕਾਰ ਸੀ :

ਸੋਰਠਿ ਮਹਲਾ ੩ ਦੁਤੁਕੀ ॥
ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ ॥
ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ ॥ ੧ ॥
ਹਰਿ ਜੀਉ ਆਪੇ ਬਖਸਿ ਮਿਲਾਇ ॥
ਗੁਣਹੀਣ ਹਮ ਅਪਰਾਧੀ ਭਾਈ ਪੂਰੈ ਸਤਿਗੁਰਿ ਲਏ ਰਲਾਇ ॥ ਰਹਾਉ ॥
ਕਉਣ ਕਉਣ ਅਪਰਾਧੀ ਬਖਸਿਅਨੁ ਪਿਆਰੇ ਸਾਚੈ ਸਬਦਿ ਵੀਚਾਰਿ ॥
ਭਉਜਲੁ ਪਾਰਿ ਉਤਾਰਿਅਨੁ ਭਾਈ ਸਤਿਗੁਰ ਬੇੜੈ ਚਾੜਿ ॥ ੨ ॥
ਮਨੂਰੈ ਤੇ ਕੰਚਨੁ ਭਏ ਭਾਈ ਗੁਰੁ ਪਾਰਸੁ ਮੇਲਿ ਮਿਲਾਇ ॥
ਆਪੁ ਛੋਡਿ ਨਾਉ ਮਨਿ ਵਸਿਆ ਭਾਈ ਜੋਤੀ ਜੋਤਿ ਮਿਲਾਇ ॥ ੩ ॥
ਹਉ ਵਾਰੀ ਹਉ ਵਾਰਣੈ ਭਾਈ ਸਤਿਗੁਰ ਕਉ ਸਦ ਬਲਿਹਾਰੈ ਜਾਉ ॥
ਨਾਮੁ ਨਿਧਾਨੁ ਜਿਨਿ ਦਿਤਾ ਭਾਈ ਗੁਰਮਤਿ ਸਹਜਿ ਸਮਾਉ ॥ ੪ ॥
ਗੁਰ ਬਿਨੁ ਸਹਜੁ ਨ ਊਪਜੈ ਭਾਈ ਪੂਛਹੁ ਗਿਆਨੀਆ ਜਾਇ ॥
ਸਤਿਗੁਰ ਕੀ ਸੇਵਾ ਸਦਾ ਕਰਿ ਭਾਈ ਵਿਚਹੁ ਆਪੁ ਗਵਾਇ ॥ ੫ ॥
ਗੁਰਮਤੀ ਭਉ ਊਪਜੈ ਭਾਈ ਭਉ ਕਰਣੀ ਸਚੁ ਸਾਰੁ ॥
ਪ੍ਰੇਮ ਪਦਾਰਥੁ ਪਾਈਐ ਭਾਈ ਸਚੁ ਨਾਮੁ ਅਧਾਰੁ ॥ ੬ ॥


www.AKJ.Org

ਜੋ ਸਤਿਗੁਰੁ ਸੇਵਹਿ ਆਪਣਾ ਭਾਈ ਤਿਨ ਕੈ ਹਉ ਲਾਗਉ ਪਾਇ ॥
ਜਨਮੁ ਸਵਾਰੀ ਆਪਣਾ ਭਾਈ ਕੁਲੁ ਭੀ ਲਈ ਬਖਸਾਇ ॥ ੭ ॥
ਸਚੁ ਬਾਣੀ ਸਚੁ ਸਬਦੁ ਹੈ ਭਾਈ ਗੁਰ ਕਿਰਪਾ ਤੇ ਹੋਇ ॥
ਨਾਨਕ ਨਾਮੁ ਹਰਿ ਮਨਿ ਵਸੈ ਭਾਈ ਤਿਸੁ ਬਿਘਨੁ ਨ ਲਾਗੈ ਕੋਇ ॥ ੮ ॥ ੨ ॥

ਸਿਦਕੀ ਮਨ ਲਈ ਇਹ ਅਤਿ ਭਾਵ-ਪੂਰਤ ਫ਼ੁਰਮਾਨ ਸੀ । ਸਤਿਗੁਰੂ ਜੀ ਨੇ ਮੌਕੇ ਮੁਤਾਬਕ ਹੁਕਮ ਬਖ਼ਸ਼ਿਆ ਸੀ। ਸਾਰਾ ਵਾਯੂ-ਮੰਡਲ 'ਧੰਨ ਗੁਰੂ ਰਾਮਦਾਸ', ਧੰਨ ਗੁਰੂ ਰਾਮਦਾਸ' ਨਾਲ ਗੂੰਜ ਉਠਿਆ । ਡੋਲਦੇ ਮਨ ਸਿਦਕ ਨਾਲ ਭਰ ਗਏ ।

ਹੈਡ ਪੁਜਾਰੀ ਨੇ ਕਿਹਾ, ਸਾਧ ਸੰਗਤ ਜੀ, ਅਸੀਂ ਇਸ ਧੁਰੋਂ ਆਏ ਹੁਕਮ ਅਗੇ ਸਿਰ ਝੁਕਾਉਂਦੇ ਹਾਂ । ਪਰ ਇਸ ਪ੍ਰਸ਼ਾਦ ਦਾ ਅਰਦਾਸਾ ਪਹਿਲੋਂ ਹੋ ਚੁਕਾ ਹੈ, ਹੋਰ ਪ੍ਰਸ਼ਾਦ ਲਿਆਉ ਤਾਂ ਅਰਦਾਸਾ ਸੋਧਿਆ ਜਾਏ । ਖ਼ਾਲਸਾ-ਬ੍ਰਾਦਰੀ ਵਲੋਂ ਭਾਈ ਮਹਿਤਾਬ ਸਿੰਘ ਬੀਰ ਬਾਹਰ ਗਏ ਅਤੇ ਪ੍ਰਸ਼ਾਦ ਦਾ ਹੋਰ ਥਾਲ ਲੈ ਆਏ ।

ਅਰਦਾਸੀਏ ਸਿੰਘ ਨੇ ਅਰਦਾਸ ਕੀਤੀ । ਸ਼ਹਿਰ ਦੀ ਸੰਗਤ ਬਹੁਤ ਪੁਜੀ ਹੋਈ ਸੀ। ਸਾਰਾ ਹਰਿਮੰਦਰ ਸਾਹਿਬ ਹੇਠ ਉਤੇ ਛੱਤ ਤੇ ਪਰਕਰਮਾਂ ਵਿਚ ਐਨਾ ਭਰਿਆ ਪਿਆ ਸੀ ਕਿ ਤਿਲ ਸੁਟਿਆਂ ਭੋਇਂ ਨਹੀਂ ਸੀ ਪੈਂਦਾ ।

ਹੁਕਮ ਸੁਣਨ ਪਿਛੋਂ ਝੱਬਰ ਨੇ ਆਖਿਆ, "ਕੜਾਹ ਪ੍ਰਸ਼ਾਦ ਸਭ ਤੋਂ ਪਹਿਲਾਂ ਗ੍ਰੰਥੀ ਸਿੰਘ ਨੂੰ ਦਿਤਾ ਜਾਵੇ। ਚੂੰਕਿ ਪੁਜਾਰੀ ਸਿੰਘ ਹਰਿਮੰਦਰ ਸਾਹਿਬ ਜੀ ਦੇ ਪ੍ਰਬੰਧਕ ਹਨ, ਇਸ ਲਈ ਇਹ ਰਸਮ ਇਹਨਾਂ ਤੋਂ ਹੀ ਜਾਰੀ ਹੋਣੀ ਠੀਕ ਹੈ।" ਪ੍ਰਸ਼ਾਦ ਵਰਤਾਇਆ ਜਾਣ ਲਗਾ, ਪਰ ਬੈਠੇ ਪੁਜਾਰੀਆਂ ਵਿਚੋਂ ਕਈ ਉਠ ਕੇ ਤੁਰ ਪਏ ।

ਝੱਬਰ ਨੇ ਕਿਹਾ, 'ਉਠਦੇ ਕਿਉਂ ਹੋ ?' ਇਕ ਨੇ ਕਿਹਾ ਕਿ ਇਹ ਅਕਾਲ ਤਖ਼ਤ ਦੇ ਪੁਜਾਰੀ ਹਨ । ਝੱਬਰ ਨੇ ਫਿਰ ਆਖਿਆ; ਸਾਧ ਸੰਗਤ ਜੀ, ਪ੍ਰਸ਼ਾਦ ਲੈ ਕੇ ਤੁਰ ਨਹੀਂ ਜਾਣਾ । ਸਾਰੀ ਸੰਗਤ ਫਿਰ ਅਕਾਲ ਤਖ਼ਤ ਚਲ ਕੇ ਦੀਵਾਨ ਲਾਏ । ਅਸੀਂ ਵੀ ਪ੍ਰਸ਼ਾਦ ਲੈ ਕੇ ਆਉਂਦੇ ਹਾਂ । ਇਹ ਰਸਮ ਸ੍ਰੀ ਅਕਾਲ ਤਖ਼ਤ ਸਾਹਿਬ ਵੀ ਹੋਵੇਗੀ। ਉਥੇ ਵੀ ਪ੍ਰਸ਼ਾਦ ਵਰਤਾਇਆ ਜਾਵੇਗਾ ।

[ਚਲਦਾ]

["ਜਥੇਦਾਰ ਕਰਤਾਰ ਸਿੰਘ ਝੱਬਰ" ਪੁਸਤਕ ਵਿਚੋਂ]

# ਪਰਾ ਪੂਰਬਲਾ ਸਤਿਨਾਮ

ਪਰਾ ਪੂਰਬਲਾ ਸਤਿਨਾਮ ਵਾਹਿਗੁਰੂ ਦਾ ਕੇਵਲ ਵਾਹਿਗੁਰੂ ਹੀ ਹੈ। ਸੋਈ ਗੁਰਮਤਿ ਅਨੁਸਾਰ ਅਰਾਧਿਆ ਜਾਣਾ ਪਰਮ ਗੁਰਮਤਿ ਅਨੁਕੂਲ ਹੈ। ਤਿਸ ਗੁਰਮਤਿ ਨਾਮ ਦੇ ਜਪਣ ਕਰਕੇ ਹੀ ਜਪਣਹਾਰੇ ਦੀ ਪਰਮ ਕਲਿਆਣ ਗਤੀ ਹੁੰਦੀ ਹੈ, ਹੋਰ ਕਿਸੇ ਕ੍ਰਿਤਮ ਨਾਮ ਦੇ ਜਪਿਆਂ ਨਹੀਂ ਹੁੰਦੀ। ਆਨ ਮਤਾ ਵਿਚ ਮੰਨੇ ਹੋਏ ਅਵਤਾਰ ਕੇਵਲ ਵਾਹਿਗੁਰੂ ਦੀ ਗੁਪਤ ਗੁਰਮੁਖ ਗੁਰਤਤਾ ਦਵਾਰਾ ਹੀ ਕਲਾਧਾਰੀ ਬਣੇ ਹਨ। ਭਾਵ, ਇਨ੍ਹਾਂ ਵਿਚ ਕਲਾ ਵਰਤਾਉਣ-ਹਾਰਾ ਗੁਪਤ ਗੁਰੂ ਵਾਹਿਗੁਰੂ ਹੀ ਹੋਇਆ ਹੈ। ਵਾਹਿਗੁਰੂ ਨੇ ਹੀ ਗੁਪਤ ਗੁਰਤਤਾ ਕਲਾ ਵਰਤਾ ਕੇ ਧਰੂਅ ਪ੍ਰਹਿਲਾਦ ਆਦਿਕ ਨੂੰ ਸੁਮਤੇ ਲਾਇਆ। ਇਹ ਇਕੜ ਦੁਕੜ ਨਿਸਤਾਰਨਹਾਰ ਵਾਹਿਗੁਰੂ ਦੀਆਂ ਗੁਪਤ ਗੁਰਮੁਖ ਕਲਾਧਾਰੀ ਉਦਾਹਰਨਾਂ ਟਾਵੀਆਂ ਟਾਵੀਆਂ ਹੀ ਖ਼ਾਸ ਖ਼ਾਸ ਹਾਲਤਾਂ ਵਿਖੇ ਖ਼ਾਸ ਖ਼ਾਸ ਨਿਸਤਾਰਨ ਜੋਗ ਵਿਅਕਤੀਆਂ ਨੂੰ ਪਰਗਟ ਹੋਈਆਂ। ਸਮੁਚੇ ਤੌਰ ਤੇ ਗੁਰਤਤਾ ਦੀ ਕਲਾ ਵਰਤਾਉਣਹਾਰਾ ਵਾਹਿਗੁਰੂ ਜਗਤ ਗੁਰੂ ਨਾਨਕ ਦੇਵ ਤੇ ਉਨ੍ਹਾਂ ਦੇ ਦਸੇ ਗੁਰ-ਜਾਮਿਆਂ ਦਵਾਰਾ ਹੀ ਅਜ ਤਾਈਂ ਸਾਰੇ ਸੰਸਾਰ ਤੇ ਵਿਦਿਤ ਹੋਇਆ ਹੈ। ਪਰੰਤੂ ਹਰ ਹਾਲਤ ਵਿਚ ਨਿਸਤਾਰਨ-ਹਾਰ ਕਲਿਆਨ-ਕਾਰਕ ਨਾਮ ਵਾਹਿਗੁਰੂ ਨਾਮ ਹੀ ਪਰੰਪਰਾ ਤੋਂ "ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ" ਰੂਪੀ ਨਿਸਤਾਰਦਾ ਰਿਹਾ ਹੈ ਤੇ ਨਿਸਤਾਰਦਾ ਰਹੇਗਾ। ਏਥੇ ਤਾਈਂ ਕਿ ਗਰਭ ਜੋਨਿ ਵਿਚ ਜੀਵ ਨੂੰ ਜੀਵਾਲਣਹਾਰਾ ਹੋ ਕੇ ਵਾਹਿਗੁਰੂ ਅਕਾਲ ਪੁਰਖ ਹੀ ਗੁਰਤਤਾ ਦੀ ਕਲਾ ਵਰਤਾਉਂਦਾ ਰਿਹਾ ਹੈ ।

[ਭਾ: ਸਾ: ਰਣਧੀਰ ਸਿੰਘ ਕ੍ਰਿਤ "ਗੁਰਮਤਿ ਗੌਰਵਤਾ" ਵਿਚੋਂ


www.AKJ.Org

# ਲਲਤੋਂ ਨਿਵਾਸੀ ਵੀਰ ਨਿਰਭੈ ਸਿੰਘ ਜੀ

ਅਸੀਂ ਹਜ਼ਾਰੀ ਬਾਗ ਜੇਲ੍ਹ ਅੰਦਰ ਉਮਰ ਕੈਦਾਂ ਭੁਗਤ ਰਹੇ ਹਾਂ । ਸ਼ਾਇਦ ੧੯੨੦ ਈਸਵੀ ਵਾਲਾ ਸਾਲ ਹੋਣਾ ਹੈ । ਭਾਈ ਨਿਰਭੈ ਸਿੰਘ ਜੀ ਕਾਂਗਰਸ ਦਾ ਕਲਕਤੇ ਵਿਚ ਹੋਇਆ ਖ਼ਾਸ ਸਮਾਗਮ ਦੇਖਣ ਲਈ ਕਲਕੱਤੇ ਜਾ ਰਹੇ ਸਨ । ਇਹ ਉਹ ਖ਼ਾਸ ਕਾਂਗਰਸ ਸਮਾਗਮ ਹੈ, ਜਿਸ ਵਿਖੇ ਕਿ ਨਾ-ਮਿਲਵਰਤਣ ਦਾ ਮਤਾ ਪਾਸ ਹੋਇਆ ਸੀ । ਵੀਰ ਨਿਰਭੈ ਸਿੰਘ ਜੀ ਧੁਰੋਂ ਇਹ ਧਾਰਨਾ ਧਾਰ ਕੇ ਤੁਰੇ ਸਨ ਕਿ ਕਲਕੱਤੇ ਪਿਛੋਂ ਪੁਜਣਾ ਹੈ, ਪਹਿਲਾਂ ਹਜ਼ਾਰੀ ਭਾਗ ਜੇਲ੍ਹ ਵਿਚ ਜਾ ਕੇ ਮੈਂ ਅਜਿਹ ਜੇਲ੍ਹ-ਯਾਤਰੂਆਂ ਨੂੰ ਮਿਲਣਾ ਹੈ, ਪਰ ਜ਼ਰੂਰੀ ਮਿਲਣਾ ਹੈ । ਇਸ ਹਜ਼ਾਰੀ ਬਾਗ ਜੇਲ੍ਹ ਨੂੰ ਹਜ਼ਾਰੀ ਬਾਗ ਰੋਡ ਨਾਮੇ ਸਟੇਸ਼ਨ ਲਗਦਾ ਸੀ, ਜੋ ਐਨ ਕਲਕੱਤੇ ਨੂੰ ਜਾਣ ਵਾਲੀ ਲਾਈਨ ਤੇ ਸੀ । ਇਸ ਹਜ਼ਾਰੀ-ਬਾਗ ਰੋਡ ਸਟੇਸ਼ਨ ਤੋਂ ਚਾਲੀ ਮੀਲ ਦੀ ਵਿਥ ਤੇ ਹਜ਼ਾਰੀ ਬਾਗ ਜੇਲ੍ਹ ਵਾਕਿਆ ਹੈ । ਇਸ ਦੇ ਆਲੇ ਦੁਆਲੇ ਚਾਰ ਚੁਫੇਰੇ ਚਾਲੀ ਮੀਲ ਤਾਈਂ ਜੰਗਲ ਹੀ ਜੰਗਲ ਸਨ । ਬਿਹਾਰ ਸੂਬੇ ਦੇ ਅੰਦਰ ਇਹ ਇਕ ਸਦ-ਬਹਾਰੀ ਸਰਦ ਅਸਥਾਨ ਹੈ ।

ਵੀਰ ਭਾਈ ਨਿਰਭੈ ਸਿੰਘ ਜੀ ਹਜ਼ਾਰੀ ਬਾਗ ਸ਼ਹਿਰ ਅਪੜ ਕੇ ਉਥੋਂ ਅੰਮ੍ਰਿਤ ਵੇਲੇ ਹੀ ਤੁਰ ਕੇ ਹਜ਼ਾਰੀ-ਬਾਗ ਜੇਲ੍ਹ ਵਲ ਜਾ ਰਹੇ ਹਨ । ਆਪਣੇ ਵੈਰਾਗ ਰੰਗਾਂ ਵਿਚ ਹੀ ਖਰਾਮਾਂ ਖਰਾਮਾਂ ਜਾ ਰਹੇ ਹਨ । ਅਜੇ ਪਹੁ-ਫੁਟਾਲੇ ਦਾ ਵੇਲਾ ਹੈ, ਇਰਦ ਗਿਰਦ ਸਭ ਚੁਪ ਚਾਂਤ ਛਾ ਰਹੀ ਹੈ ਅਤੇ ਤਰੇਲ ਦੀ ਭਿੰਨੀ ਭਿੰਨੀ ਨਮੀ ਨਮੂਦਾਰ ਹੋ ਰਹੀ ਹੈ । ਮਿੰਨ੍ਹੀ ਮਿੰਨ੍ਹੀ ਫੁਹਾਰ ਪੈ ਰਹੀ ਹੈ । ਬਿਰਹੋਂ ਵਿਜੋਗੀ ਵੀਰ ਨਿਰਭੈ ਸਿੰਘ ਜੀ ਵੀਰ-ਮਿਲਾਵੇ ਦੇ ਅਨੁਰਾਗ ਅਤੇ ਚਿਰਾਂ ਦ ਵਿਛੋੜੇ ਦੇ ਵੈਰਾਗ ਵਿਚ ਮਨੂਰ ਹੋਏ ਹੋਏ ਅੰਤਰਗਤੀ ਗੁਪਤੋ ਗੁਪਤ ਬਾਣੀ ਪੜ੍ਹਦੇ ਹੋਏ ਜੇਲ੍ਹ ਵਲ ਜਾ ਰਹੀ ਸੜਕੇ ਸੜਕ ਸਿਰ ਸੁਟੀ ਤੁਰੀ ਜਾ ਰਹੇ ਹਨ ਕਿ ਦੂਰ ਤੋਂ ਇਕ ਵੈਰਾਗ ਭਰੀ ਸੁਰ ਨਾਲ ਉਚਾਰੀ ਜਾ ਰਹੀ ਨੌਵੇਂ ਮਹਲੇ ਦੀ ਬਾਣੀ ਦੇ ਸਲੋਕਾਂ ਦੀ ਧੁੰਨੀ ਵੀਰ ਨਿਰਭੈ ਸਿੰਘ ਜੀ ਦੇ ਕੰਨਾਂ ਵਿਚ ਪਈ । ਉਹ ਬੜੇ ਅਚੰਭੇ ਨਾਲ ਚਾਰ ਚੁਫੇਰੇ ਕੰਨ ਤੇ ਅੱਖੀਆਂ ਫੇਰ ਫੇਰ ਤੱਕਣ ਕਿ ਕਿਧਰੋਂ ਇਹ ਧੁੰਨੀ ਆ ਰਹੀ ਹੈ । ਇਸ ਉਜਾੜ ਬੀਆਬਾਨ ਵਿਚ, ਜਿਥੇ ਸਿੱਖਾਂ ਦੀ ਉੱਕੀ ਹੀ ਕੋਈ ਵਸੋਂ ਨਹੀਂ, ਗੁਰਬਾਣੀ ਪੜ੍ਹਨ ਵਾਲਾ ਐਸਾ ਕਿਹੜਾ ਪ੍ਰੇਮੀ ਹੈ, ਜੋ ਅੰਮ੍ਰਿਤ ਵੇਲੇ ਹੀ ਜਾਗ ਕੇ ਅਤੀ ਵੈਰਾਗ ਵਿਚ, ਵੈਰਾਗ ਮਈ ਸਲੋਕਾਂ ਦਾ ਪਾਠ ਕਰੀ ਆਉਂਦਾ ਹੈ । ਧਿਆਨ ਦੇਣ ਪਰ ਪਤਾ ਲਗਾ ਕਿ ਜੇਲ੍ਹ ਦੇ ਪਾਸੇ ਵਲੋਂ ਹੀ ਇਹ ਧੁੰਨੀ ਆ ਰਹੀ ਹੈ । ਵੀਰ ਵੈਰਾਗੀ ਜੀ ਦੀ ਹੋਰ ਵੀ ਹੈਰਾਨਗੀ ਵਧ ਗਈ ਕਿ ਜੇਲ੍ਹ ਦੇ ਇਰਦ ਗਿਰਦ ਹੀ ਬਿਹਾਰੀ ਵਸੋਂ ਵਿਚੋਂ ਕਿਹੜਾ ਐਸਾ ਸਜਣ ਵੈਰਾਗੀ ਪੈਦਾ ਹੋ ਗਿਆ, ਜਿਸ ਦੇ ਮੁਖੋਂ ਨਿਕਸੀ ਦੂਰੋਂ ਭਿਣਕ ਪਈ ਬਾਣੀ ਦੀ ਧੁੰਨੀ ਮੈਨੂੰ ਵੀ ਗੜੂੰਦ ਕਰਦੀ ਜਾ ਰਹੀ ਹੈ । ਉਹ ਏਸੇ ਹਾਲਤ ਵਿਚ ਦੋਇ ਕਰ ਜੋੜ ਕੇ ਇਕ ਥਾਵੇਂ ਟਿਕ ਕੇ ਖੜੇ ਗਏ ਕਿ ਏਸੇ ਸੜਕ ਤੇ ਜੇਲ੍ਹ ਵਲੋਂ ਆ ਰਹੇ ਵੈਰਾਗੀਅੜੇ ਸਜਣ ਏਥੋਂ ਦੀ ਹੀ ਗੁਜ਼ਰਨਗੇ ਅਤੇ ਚੁਪ ਚੁਪਾਤੇ ਹੀ ਦਰਸ਼ਨ ਕਰ ਲਵਾਂਗੇ ।

ਵੈਰਾਗ ਅਨੁਰਾਗ ਵਿਚ ਮਸਤ ਹੋਏ ਹੋਏ ਇਕ ਬਿਹਾਰੀ (ਬਿਹਾਰ ਦੇਸ ਦਾ ਨਿਵਾਸੀ) ਜੇਲ੍ਹ ਸਿਪਾਹੀ, ਜੇਲ੍ਹ ਵਰਦੀ ਵਿਚ ਪੁਸ਼ਾਕਤ ਹੋਏ ਹੋਏ, ਮਧੁਰ ਤੇ ਲੰਮੀ ਵੈਰਾਗ ਧੁੰਨੀ ਨਾਲ ਨੌਵੇਂ ਮਹਲੇ ਦੇ ਸਲੋਕਾਂ ਦਾ ਪਾਠ ਕਰਦੇ ਹੋਏ ਆ ਰਹੇ ਸਨ, ਅੱਖੀਆਂ ਤੋਂ "ਛਮਾ ਛਮ" ਵੈਰਾਗ ਨੀਰ ਬਹਿ ਰਿਹਾ ਸੀ । ਜਦੋਂ ਉਹ ਆਪਣੀ ਵੈਰਾਗ ਧੁੰਨੀ ਵਿਚ ਮਸਤ ਹੋਇਆ ਸਿਪਾਹੀ ਐਨ ਉਸ ਜਗ੍ਹਾ ਦੇ ਨਿਕਟ ਅਪੜਿਆ, ਜਿਥੇ ਕਿ ਬੁਤ ਦੀ ਨਿਆਈਂ ਖੜਾ ਹੋਇਆ ਵੀਰ ਵੈਰਾਗੀਅੜਾ ਨਿਰਭੈ ਸਿੰਘ ਬਿਹਬਲ ਹੋ ਰਿਹਾ ਸੀ, ਨਾ ਜੇਲ੍ਹ ਵਲੋਂ ਆ ਰਹੇ ਸਿਪਾਹੀ ਨੂੰ ਕੋਈ ਸੁਧ ਬੁਧ ਸੀ ਨਾ ਇਸ ਬੁਤ ਬਣੇ ਰਾਹੀ ਨੂੰ । ਨਿਕਟ ਆਈ ਧੁੰਨੀ ਨੂੰ ਵੈਰਾਗ ਪੁਲਕ੍ਰਿਤ ਗਲੇ ਵਿਚ ਅਤੀ ਲਲਿਤਾ ਵਿਚ ਧੁੰਨਿਤ ਹੋਈ ਸੁਣ ਕੇ ਖ਼ਾਮੋਸ਼ ਖੜੇ ਵੀਰ ਨਿਰਭੈ ਸਿੰਘ ਜੀ ਚੌਂਕ ਉਠੇ ਅਤੇ ਉਸ ਸਿਪਾਹੀ ਨੂੰ ਦੇਖਣ ਸਾਰ ਧੜੰਮ ਦੇ ਕੇ ਉਸ ਦੇ ਚਰਨਾਂ ਤੇ ਜਾ ਡਿਗੇ । ਉਠਾਏ ਉਠਣ ਨਾ, ਸਿਪਾਹੀ ਦੇ ਨੀਰ-ਜਲ ਵਗਦੇ ਨੇਤਰਾਂ ਦੇ ਟੇਪੇ ਵੀਰ ਭਾਈ ਨਿਰਭੈ ਸਿੰਘ ਜੀ ਦੀ ਗਰਦਨ ਤੇ ਛਮਾ ਛਮ ਪੈਣ ਅਤੇ ਬਿਹਬਲ ਹੋ ਰਹੇ ਭਾਈ ਨਿਰਭੈ ਸਿੰਘ ਦੇ ਨੇਤਰਾਂ ਵਿਚੋਂ ਜੋ ਜਲ ਜਾਰੀ



www.AKJ.Org

ਸੀ, ਉਸ ਨੇ ਉਸ ਬਿਹਾਰੀ ਸਿਪਾਹੀ ਦੇ ਚਰਨਾਂ ਨੂੰ ਭਿਉਂ ਭਿਉਂ ਕੇ ਤਰ-ਬਤਰ ਕਰ ਦਿਤਾ। ਇਕ ਸਿਖ ਦਾ ਚੇਹਰਾ ਦੇਖ ਕੇ ਬਿਹਾਰੀ ਸਿਪਾਹੀ ਨਿਹਾਲੋ ਨਿਹਾਲ ਵੀ ਹੋਏ ਅਤੇ ਕਰੁਣਾ ਰਸ ਨਾਲ ਸਿਰ ਤੋਂ ਲੈਕੇ ਪੈਰਾਂ ਤਾਈਂ ਭਿੱਜ ਗਏ।

ਉਹ ਬਿਹਾਰੀ ਸਿਪਾਹੀ ਚਾਹੇ ਪੂਰਨ ਸਿਖ ਤਾਂ ਨਹੀਂ ਜਾਪਦਾ ਸੀ, ਪਰ ਉਸ ਦੇ ਮੁਖੜੇ ਤੇ ਆਈ ਸਫੁਟ ਹੋਈ ਦਾੜ੍ਹੀ ਦੀ ਲੂਈਂ ਬਿਲਕੁਲ ਨਰਮ ਸੀ, ਜਿਸ ਨੂੰ ਕਦੇ ਉਸਤਰਾ ਕੈਂਚੀ ਲਗੀ ਨਹੀਂ ਜਾਪਦੀ ਸੀ। ਸੀਸ ਉਤੇ ਲੰਮੇ ਲੰਮੇ ਪਟਿਆਂ ਦੀ ਸ਼ਕਲ ਦੇ ਕੇਸ ਸਨ, ਜਿਨ੍ਹਾਂ ਦਾ ਅਜੇ ਜੂੜਾ ਨਹੀਂ ਸੀ ਹੁੰਦਾ। ਐਸਾ ਜਾਪਦਾ ਸੀ, ਕੇਸ ਆਪਣੀ ਕੁਦਰਤੀ ਵਧਣੀ ਵਿਚ ਵਧੇ ਜਾਂਦੇ ਹੋਏ ਵਧੇ ਹੀ ਚਲੇ ਜਾ ਰਹੇ ਸਨ। ਜਦੋਂ ਦੀ ਕੋਈ ਨਵੀਨ ਖਾਲਸਈ ਵੇਸ ਦੀ ਸੂਝ ਬੂਝ ਪਈ ਹੈ, ਉਦੋਂ ਦਾ ਇਨ੍ਹਾਂ ਪਟਿਆਂ ਨੂੰ ਵੀ ਕੋਈ ਕੈਂਚੀ ਉਸਤਰਾ ਨਹੀਂ ਲਗਾਇਆ ਜਾਪਦਾ। ਬੜੇ ਜ਼ੋਰਾਂ ਨਾਲ ਸਿਪਾਹੀ ਨੇ ਆਪਣੇ ਪੈਰਾਂ ਉਤੇ ਪਏ ਪ੍ਰੇਮ ਵੈਰਾਗੀਅੜੇ ਸਿਖ ਦਾ ਸੀਸ ਚੁਕਿਆ। ਅੱਖੀਆਂ ਦੋ ਚਾਰ ਹੋਈਆਂ, ਪਰਸਪਰ ਇਹੀ ਪੁਛ ਗਿਛ ਦੋਹਾਂ ਮੁਖਾਂ ਤੋਂ ਇਕੋ ਵੇਰ ਨਿਕਲੀ, "ਤੁਸੀਂ ਕੌਣ ਤੇ ਕਿਥੋਂ ਆਏ ਤੇ ਕਿਥੇ ਜਾਣਾ ਹੈ ?" ਪਹਿਲਾਂ ਉਸ ਬਿਹਾਰੀ ਸਿਪਾਹੀ ਨੇ ਉਤਰ ਦਿਤਾ ਕਿ ਮੈਂ ਤਾਂ ਹਜ਼ਾਰੀ ਬਾਗ ਜੇਲ੍ਹ ਵਿਚ ਮੁਲਾਜ਼ਮ ਸਿਪਾਹੀ ਹਾਂ। ਪੈਂਦੀ ਸਟ ਹੀ ਭਾਈ ਨਿਰਭੈ ਸਿੰਘ ਜੀ ਨੇ ਦੂਜਾ ਸਵਾਲ ਕਰ ਦਿਤਾ, "ਇਹ ਗੁਰਬਾਣੀ ਤੁਹਾਨੂੰ ਕੀਹਨੇ ਦਸੀ ਤੇ ਕਿਥੋਂ ਸਿਖੀ ?" ਉਸ ਨੇ ਉਤਰ ਦਿਤਾ ਕਿ ਸਾਡੀ ਜੇਲ੍ਹ ਵਿਚ ਪੁਲੀਟੀਕਲ ਕੈਦੀ ਬਣ ਕੇ ਜਟਾਧਾਰੀ ਸਿਖ ਸਾਧ ਆਏ ਹੋਏ ਹਨ। ਵਿਚੋਂ ਹੀ ਅਟਕਾ ਕੇ ਭਾਈ ਨਿਰਭੈ ਸਿੰਘ ਜੀ ਨੇ ਫੇਰ ਇਹ ਸਵਾਲ ਕੀਤਾ ਕਿ ਭਾਈ ਰਣਧੀਰ ਸਿੰਘ ਜੀ ਭੀ ਏਨ੍ਹਾਂ ਹੀ ਪੁਲੀਟੀਕਲ ਕੈਦੀਆਂ ਵਿਚੋਂ ਹਨ ? ਇਹ ਨਾਮ ਸੁਣ ਕੇ ਤਾਂ ਉਹ ਬਿਹਾਰੀ ਸਿਪਾਹੀ ਧੜੰਮ ਕਰ ਕੇ ਵੀਰ ਨਿਰਭੈ ਸਿੰਘ ਜੀ ਦੇ ਚਰਨਾਂ ਤੇ ਜਾ ਡਿਗਾ ਤੇ ਰੋ ਰੋ ਕੇ ਪੁਕਾਰਨ ਲਗਾ ਕਿ ਏਸੇ ਆਪ ਦੇ ਨਾਮ ਲਏ ਸਾਧੂ ਭਾਈ ਸਾਹਿਬ ਦੀ ਸੰਗਤ ਦੇ ਪਰਤਾਪ ਨਾਲ ਹੀ ਦਾਸ ਨੂੰ ਏਨ੍ਹਾਂ ਸਲੋਕਾਂ ਦਾ ਗਫਾ ਮਿਲਿਆ ਹੈ ਤੇ ਸਾਰੀ ਗੁਰਬਾਣੀ ਦਾ ਪਤਾ ਲਗਾ ਹੈ। ਵੀਰ ਨਿਰਭੈ ਸਿੰਘ ਜੀ ਨੇ ਉਸ ਸਤਸੰਗੀ ਵੈਰਾਗੀਅੜੇ ਦਾ ਸੀਸ ਆਪਣੇ ਪੈਰਾਂ ਤੋਂ ਚੁਕਦੇ ਹੋਏ ਆਖਿਆ ਕਿ ਮੈਂ ਉਨ੍ਹਾਂ ਦੀ ਮੁਲਾਕਾਤ ਕਰਨ ਨੂੰ ਹੀ ਜੇਲ੍ਹ ਵਲ ਜਾ ਰਿਹਾ ਹਾਂ। "ਮੇਰੇ ਲਾਇਕ ਕੋਈ ਸੇਵਾ ਦਸੋ।" ਵੈਰਾਗੀ ਬਿਹਾਰੀ ਸਿਪਾਹੀ ਨੇ ਰੋ ਧੋ ਕੇ ਬੇਨਤੀ ਕਰੀ ਕਿ ਇਹ ਸਾਰਾ ਤਨ ਮਨ ਧਨ ਉਨ੍ਹਾਂ ਦਾ ਹੀ ਹੈ, ਮੈਨੂੰ ਕਹੋ ਮੈਂ ਕੀ ਕੁਛ ਨਿਛਾਵਰ ਕਰਾਂ।

ਗੱਲ ਕੀ, ਇਸ ਪ੍ਰਕਾਰ ਦੀ ਪ੍ਰੇਮ-ਮਈ ਵੈਰਾਗ ਦੀ ਵਾਰਤਾ ਨੂੰ ਸਮਾਪਤ ਕਰ ਕੇ ਵੀਰ ਭਾਈ ਨਿਰਭੈ ਸਿੰਘ ਜੀ ਮੁਲਾਕਾਤ ਕਰਨ ਲਈ ਜੇਲ੍ਹ ਦੇ ਗੇਟ ਕੋਲ ਆ ਪਹੁੰਚੇ। ਮੈਨੂੰ ਵੀ ਮੁਲਾਕਾਤ ਕਰਵਾਉਣ ਵਾਲੇ ਜੇਲ੍ਹਰ ਨੇ ਅੰਦਰੋਂ ਬੁਲਾ ਲਿਆ। ਮੁਲਾਕਾਤ ਕਰਨ ਲਈ ਮੈਨੂੰ ਦੇਖਣ ਸਾਰ ਹੀ ਵੀਰ ਭਾਈ ਨਿਰਭੈ ਸਿੰਘ ਜੀ ਛਮਾ ਛਮ ਰੋ ਪਏ। ਐਸੇ ਰੋਏ ਕਿ ਰੋਣੋਂ ਹਟਣ ਨਾ। ਨਾ ਮੇਰੇ ਹਟਾਏ ਹਟਣ, ਨਾ ਜੇਲ੍ਹਰ ਦੇ ਹਟਾਏ ਹਟਣ। ਬਸ, ਰੋਈ ਹੀ ਜਾਣ, ਕੋਈ ਗੱਲ ਬਾਤ ਨਾ ਕਰਨ। ਜੇਲ੍ਹਰ ਨੇ ਇਸ ਰੁਦਨ ਦਾ ਕਾਰਨ ਪੁਛਿਆ। ਵੀਰ ਨਿਰਭੈ ਸਿੰਘ ਜੀ ਡਡਿਆ ਕੇ ਬੋਲੇ, "ਅਸੀਂ ਅਭਾਗੇ ਤਾਂ ਐਵੇਂ ਹੀ ਰਹਿ ਗਏ, ਸਾਡੇ ਨਾਲੋਂ ਤਾਂ ਬਿਹਾਰੀ ਸਿਪਾਹੀ ਹੀ ਵਡਭਾਗੇ ਹਨ, ਜਿਨ੍ਹਾਂ ਦਾ ਅਜ ਸੁਤੇ ਨਿਸਤਾਰਾ ਇਨ੍ਹਾਂ ਦੇ ਦਰਸ਼ਨਾਂ ਨਾਲ ਹੋ ਰਿਹਾ ਹੈ। ਸਾਡੇ ਇਥੇ ਬੋਲਣ ਦੀ ਕੀ ਜਾ ਹੈ।" ਇੰਨਾ ਕਹਿ ਕੇ ਫਿਰ ਜ਼ਾਰੋ ਜ਼ਾਰ ਰੋਵਣ ਲਗ ਪਏ। ਕੇਵਲ ਇਤਨਾ ਹੀ ਮੇਰੇ ਸਨਮੁਖ ਉਚਾਰਨ ਕੀਤਾ, "ਮੈਂ ਓਹੀ ਨਿਰਭੈ ਸਿੰਘ ਹਾਂ ਜਿਸ ਦੇ ਮਥੇ ਉਤੇ ਅੰਮ੍ਰਿਤ ਸੰਚਾਰ ਸਮੇਂ ਆਪ ਨੇ ਲਾਡ ਨਾਲ ਸਰਬ ਲੋਹ ਦੀ ਮਾਲਾ ਮਾਰ ਕੇ ਛੁਹਾਈ ਸੀ ਤੇ ਮੇਰੇ ਕਪਾਟ ਖੁਲ੍ਹ ਗਏ ਸਨ। ਬਸ, ਉਸ ਕਪਾਟ ਖੁਲ੍ਹਣ ਸਮੇਂ ਚਮਤਕਾਰ ਮਾਤਰ ਜੋ ਕੁਝ ਦੇਖਿਆ ਸੋ ਦੇਖਿਆ, ਉਸ ਦੇ ਪਿਛੋਂ ਨਾ ਮੈਥੋਂ ਕਮਾਈ ਹੋਈ ਅਤੇ ਨਾ ਮੈਂ ਕੋਈ ਆਤਮ-ਝਲਕਾਰਾ ਦੇਖਿਆ। ਆਪ ਤਾਂ ਜੇਲ੍ਹਾਂ ਅੰਦਰ ਆ ਬਿਰਾਜੇ ਹੋ ਅਤੇ ਅਸੀਂ ਸਿਆਸਤ ਦੀ ਦੌੜ ਧੂਪ ਵਿਚ ਧੱਕੇ ਖਾ ਰਹੇ ਹਾਂ।" ਇਹ ਕਹਿ ਕੇ ਫਿਰ ਉਚੀ ਉਚੀ ਰੋਣ ਲਗ ਪਏ। ਮੁਲਾਕਾਤ ਦਾ ਸਮਾਂ ਖ਼ਤਮ ਹੋ ਗਿਆ ਤੇ ਅਸੀਂ ਦੋਏ ਮੁਲਾਕਾਤੀ ਜੁਦਾ ਜੁਦਾ ਕਰ ਦਿਤੇ ਗਏ। ਮੈਨੂੰ ਅੰਦਰ ਨੂੰ ਤੋਰ ਦਿਤਾ ਤੇ ਉਸ ਨੂੰ ਬਾਹਰਵਾਰ ਵਿਛੋੜ [ਬਾਕੀ ੩੭ ਸਫ਼ੇ ਤੇ]



www.AKJ.Org

# ਸਿਖਾਂ ਹਥੋਂ ਸਿਖਾਂ ਦਾ ਕਤਲ

ਸਰਕਾਰ ਭਾਵੇਂ ਕਿਸੇ ਹੋਰ ਨੀਤੀ ਵਿਚ ਸਫਲ ਹੋਈ ਹੋਵੇ ਜਾਂ ਨਾ, ਪਰ ਏਸ ਗੱਲ ਵਿਚ ਜ਼ਰੂਰ ਸਫਲ ਹੋਈ ਜਾਪਦੀ ਹੈ ਕਿ ਉਸ ਨੇ ਸਿਖ ਕੌਮ ਨੂੰ ਚਕ੍ਰ-ਵਿਹੂ (ਵਿਹੁਲੇ ਚਕਰ) ਵਿਚ ਪਾ ਦਿਤਾ ਹੈ ਤੇ ਉਹਨਾਂ ਵਿਚ ਪਰਸਪਰ ਬੇਵਿਸ਼ਵਾਸੀ ਦੀ ਭਾਵਨਾ ਉਜਾਗਰ ਕਰ ਦਿਤੀ ਹੈ । ਇਕ ਪਾਸੇ ਕਥਿਤ ਪੁਲਿਸ ਮੁਕਾਬਲੇ ਬਣਾ ਕੇ ਸਿਖ ਜਵਾਨੀ ਖ਼ਤਮ ਕੀਤੀ ਜਾ ਰਹੀ ਹੈ, ਦੂਜੇ ਪਾਸੇ ਸਿਖਾਂ ਹਥੋਂ ਸਿਖਾਂ ਦੇ ਕਤਲ ਕੀਤੇ ਜਾਣ ਦੀਆਂ ਖ਼ਬਰਾਂ ਨਿਤ ਅਖਬਾਰਾਂ ਵਿਚ ਛਪਦੀਆਂ ਹਨ ।

(੨) ਕਿਸੇ ਇਕ ਧਿਰ ਦਾ ਦੂਜੀ ਧਿਰ ਨਾਲ ਵਿਚਾਰਾਂ ਦਾ ਵਖੇਵਾਂ ਹੋਣਾ ਕੁਦਰਤੀ ਗੱਲ ਹੈ । ਇਹ ਮਤ-ਭੇਦ ਹੁੰਦੇ ਆਏ ਹਨ ਅਤੇ ਹੁੰਦੇ ਰਹਿਣਗੇ । ਇਕ ਤਰ੍ਹਾਂ ਨਾਲ ਇਹ ਕਿਸੇ ਸਮਾਜ ਦੇ ਪ੍ਰਬੁੱਧ ਅਤੇ ਚੇਤੰਨ ਹੋਣ ਦੀ ਨਿਸ਼ਾਨੀ ਹੈ ਅਤੇ ਭਲੀ ਗੱਲ ਹੈ । ਵਿਚਾਰਾਂ ਦੇ ਮਤ-ਭੇਦ ਵਿਚਾਰ-ਵਟਾਂਦਰੇ ਨਾਲ ਸੁਲਝਾਏ ਜਾਣੇ ਹੀ ਉਚਿਤ ਹੁੰਦੇ ਹਨ । ਇਹਨਾਂ ਨੂੰ ਗੋਲੀ ਦੀ ਨੋਕ ਤੇ ਨਿਬੇੜਨ ਦੀ ਪਿਰਤ ਮੰਦੀ ਤੇ ਗੰਦੀ ਹੈ । ਇਹ ਸਿਖ ਸਿਧਾਂਤ ਅਤੇ ਸਿਖ ਰਵਾਇਤ ਦੇ ਉਲਟ ਹੈ ।

(੩) ਅਖੰਡ ਕੀਰਤਨੀ ਜਥਾ ਇਸ ਨਿੰਦਤ ਪਿਰਤ ਦੀ ਨਿੰਦਿਆ ਤੇ ਨਿਖੇਧੀ ਕਰਦਾ ਹੈ ਅਤੇ ਸਾਰੀਆਂ ਧਿਰਾਂ ਨੂੰ ਅਪੀਲ ਕਰਦਾ ਹੈ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੁਲਝੇ ਹੋਏ ਬੱਚਿਆਂ ਵਾਂਗ ਆਪਣੇ ਮਤ-ਭੇਦ ਪਰਸਪਰ ਵਿਚਾਰ-ਵਟਾਂਦਰੇ ਰਾਹੀਂ ਦੂਰ ਕਰਨ ਦਾ ਉਪਰਾਲਾ ਕਰੀਏ । ਜੋ ਗੁਰਸਿਖ ਆਪਣੇ ਗੁਰ-ਭਾਈ ਦਾ ਕਤਲ ਕੇਵਲ ਵਿਰੋਧੀ ਵਿਚਾਰਧਾਰਾ ਰਖਣ ਕਾਰਨ ਕਰਦਾ ਹੈ, ਉਹ ਗੁਰੂ ਕਾ ਦੇਣਦਾਰ ਹੈ ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ ਕੇਂਦਰੀ ਦਫ਼ਤਰ

---

[ਸਫ਼ਾ ੩੬ ਦੀ ਬਾਕੀ] ਦਿਤਾ । ਹਸਰਤ ਦੀਆ ਨਿਗਾਹਾਂ ਨਾਲ ਮੁੜ ਮੁੜ ਅਤੇ ਖੜ੍ਹ ਖੜ੍ਹ ਪਿਛੇ ਤੱਕਦਾ ਜਾਵੇ, ਮੈਂ ਵ ਮੂਰਛਤ ਮੂਰਤੀ ਹੋ ਕ ਖੜ੍ਹ ਕੇ ਤਕਣ ਲਗ ਪਿਆ, ਮੈਨੂੰ ਕੌਣ ਮੋੜੇ ਹੋੜੇ । ਪਰ ਜਰਵਾਣਿਆਂ ਸਿਪਾਹੀਆਂ ਓੜਕ ਨਿਰਭੈ ਸਿੰਘ ਨੂੰ ਅਖੀਓਂ ਓਹਲੇ ਕਰ ਦਿਤਾ । ਜਾਂਦਿਆਂ ਜਾਂਦਿਆਂ ਜ਼ੋਰ ਦੀ ਅਵਾਜ਼ ਨਾਲ ਇਹ ਕਹਿ ਗਏ ਕਿ ਕਲਕੱਤੇ ਕਾਂਗਰਸ ਕਾਨਫਰੰਸ ਤੋਂ ਮੁੜ ਕੇ ਆਉਂਦਾ ਹੋਇਆ ਫਿਰ ਮਿਲ ਕੇ ਜਾਵਾਂਗਾ । ਪਰ ਕੀਹਨੇ ਮੁੜਨਾ ਹੈ ਤੇ ਕੀਹਨੇ ਮਿਲਣਾ ਹੈ । ਬਹੁੜ ਦਰਸ਼ਨ ਨਹੀਂ ਹੋਏ ਅਤੇ ਹੁਣ ਤਕ ਨਹੀਂ ਹੋਏ । ਜੇਲ੍ਹੋਂ ਬਾਹਰ ਆਇਆਂ ਨੂੰ ਵੀ ਨਹੀਂ ਹੋਏ । ਹੋਣ ਕਿਵੇਂ ਅਤੇ ਕਿਸ ਦੇ, ਬੀਰ ਵੈਰਾਗੀ ਨਿਰਭੈ ਸਿੰਘ ਜੀ ਤਾਂ ਚਿਰੋਕਣੇ ਗੁਰਪੁਰੀ ਨੂੰ ਪਧਾਰ ਗਏ ਹੋਏ ਸਨ ।

[ਭਾ: ਸਾ: ਰਣਧੀਰ ਸਿੰਘ ਜੀ ਕ੍ਰਿਤ "ਰੰਗਲੇ ਸਜਣ" ਵਿਚੋਂ

---


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ (ਕਈ ਵਾਧਿਆਂ ਸਮੇਤ ੧੦ ਚਿਤਰ,੨੭੨ਪੰਨੇ, ਸੁੰਦਰ ਦੱਖ) ੭-੦੦

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਭਾ: ਸਾ: ਰਣਧੀਰ ਸਿੰਘ ਸ਼ਤਾਬਦੀ ਅੰਕ (ਸਚਿਤ੍ਰ) | ੨-੫੦ | ਗੁਰਬਾਣੀ ਦੀ ਪਾਰਸਕਲਾ(ਭਾ:ਸਾਹਿਬ ਕ੍ਰਿਤ) | ੦-੮੦ |
| ਰਹਿਤ ਮਰਯਾਦਾ ਅੰਕ | ੨-੦੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੬੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ ? ,, | ੦-੬੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| HAIR—A Divine Gift | 0-40 | ਗੁਰਮਤਿ ਅਨਹਦ ਸ਼ਬਦ ,, | ੦-੫੦ |
| Dawn of Divine Wisdom | 0-75 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ ,, | ੦-੫੦ |
| ਲੜੀਦਾਰ ਸਰੂਪ | ੧-੦੦ | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੧-੦੦ |
| ਗੁਰਬਾਣੀ ਰਹਿਤਨਾਮਾ (੬੦ ਪੰਨੇ) | ੧-੦੦ | ਰਾਗਮਾਲਾ ਬਾਰੇ ਵਿਚਾਰ (ਉਘੇ ਵਿਦਵਾਨ) | ੧-੦੦ |


www.AKJ.Org

ਸ: ਅਤਰ ਸਿੰਘ ਜੀ ਨੀਰ, 289-A.Q.U. ਪੀਤਮਪੁਰਾ, ਦਿਲੀ-34—

## ਗੁਰੂ ਨਾਨਕ ਦਾ ਫ਼ਲਸਫ਼ਾ

ਵਾਹਿਗੁਰੂ ਬੜਾ ਬਿਅੰਤ ਹੈ, ਬਿਅੰਤ ਬੜਾ ਨਿਰੰਕਾਰ।
ਵਡਿਆਈ ਵਡੀ ਉਸ ਦੀ, ਨਹੀਂ ਕੋਈ ਪਾਰਾਵਾਰ।
ਸੂਰਜ ਜਿਵੇਂ ਇਕ ਹੈ, ਇਸ ਤੋਂ ਸਮੇਂ ਦੀ ਵੰਡ;
ਵਿਸੇ, ਚਸੇ, ਘੜੀਆਂ, ਥਿਤਾਂ, ਵਾਰ ਤੇ ਖੰਡ।
ਇਸੇ ਤਰ੍ਹਾਂ ਹੀ ਪ੍ਰਭੂ ਤੋਂ ਲੈ ਕੇ ਹੀ ਪ੍ਰਕਾਸ਼;
ਪ੍ਰਗਟਾਂਦੇ ਉਸ ਪ੍ਰਕਾਸ਼ ਨੂੰ ਵਖ ਵਖ ਧਰਮ ਵਿਸ਼ਵਾਸ।
ਦਰਸ਼ਨ ਉਸ ਪ੍ਰਕਾਸ਼ ਦੇ ਹੁੰਦੇ ਕਈ ਪਰਕਾਰ;
ਹਰ ਇਕ ਉਸਨੂੰ ਵੇਖਦਾ ਆਪਣੇ ਸਿਦਕ ਵੀਚਾਰ।
ਧਰਮ-ਭਾਵਨਾ ਕੋਈ ਵੀ, ਕੋਈ ਵੀ ਹੋਵੇ ਖਿਆਲ;
ਨਜ਼ਰ ਅਖ਼ੀਰੀ ਸਭ ਦੀ ਟਿਕਦੀ ਉਸ ਵਿਚਾਲ।
ਪਹਾੜ ਦੀ ਚੋਟੀ ਇਕ ਜਿਵੇਂ, ਵਖੋ ਵਖਰੇ ਰਾਹ;
ਸਾਰੇ ਪੁਜਦੇ ਉਸੇ ਥਾਂ, ਆਖ਼ਰ ਘੁੰਮ-ਘੁਮਾ।
ਨਦੀਆਂ ਨਾਲੇ ਵਖੋ ਵੱਖ ਮਨਜ਼ਲਾਂ ਚੀਰ ਕੇ ਆਣ;
ਅੰਤ ਸਮੁੰਦਰ ਵਿਚ ਹੀ ਆ ਕੇ ਸਭ ਸਮਾਣ।
ਬੇਹੱਦ ਪਹਿਲੂ ਉਸਦੇ, ਭਿੰਨ ਭਿੰਨ ਉਸ ਦੇ ਅਕਾਰ।
ਭਿੰਨ ਭਿੰਨ ਰੰਗਾਂ ਵਿਚ ਵੇਖਦਾ, ਉਸਨੂੰ ਪਿਆ ਸੰਸਾਰ।
ਆਪੋ ਆਪਣੀ ਸੋਚ ਸਮਝ, ਸੂਝ ਅਕਲ ਤੇ ਗਿਆਨ।
ਵਖੋ ਵਖ ਨੇ ਨਜ਼ਰੀਏ, ਵਖੋ ਵਖਰੇ ਧਿਆਨ।
ਬੁਨਿਆਦ ਸਭ ਦੀ ਇਕ ਹੀ, ਇਕ ਹੈ ਆਖ਼ਰੀ ਬਾਤ।
ਇਕ ਹੀ ਪਿਛੇ ਘੁੰਮਦੇ ਸਾਰੇ ਦਿਨ ਤੇ ਰਾਤ।
ਐਪਰ ਉਸ ਨੂੰ ਪਾਣ ਲਈ ਮੇਹਨਤ ਬੜੀ ਦਰਕਾਰ।
ਕੁਰਬਾਨੀ, ਸੇਵਾ, ਤਿਆਗ, ਤੇ ਸੱਚ ਦਾ ਦ੍ਰਿੜ੍ਹ ਆਧਾਰ।
ਕਠਨ ਬੜੀ ਇਹ ਘਾਲਣਾ, ਬੜੀ ਹੀ ਮੁਸ਼ਕਲ ਗੱਲ।
ਗੱਲਾਂ ਨਾਲ ਨਹੀਂ ਮਿਲਦਾ, ਇਸ ਦਾ ਕੋਈ ਹਲ।
ਛੂ-ਮੰਤਰ ਜਾਂ ਕਰਮ ਕਾਂਡ ਜਾਂ ਬਾਹਰਾ ਪੋਚ-ਪੁਚਾ;
ਕੁਝ ਵੀ ਪਲੇ ਪਾਣ ਨ, ਨਾ ਸਕਣ ਪ੍ਰਭੂ ਮਿਲਾ।
ਮਨ ਨੂੰ ਜਿਤਣਾ, ਸਾਧਣਾ, ਸੌਖ਼ਾ ਨਹੀਂ ਕੋਈ ਖੇਲ।
ਮਨ ਦੇ ਜਿਤਿਆਂ ਸੱਚ ਮਿਲੇ, ਸੱਚ ਪ੍ਰਭੂ ਦਾ ਮੇਲ।
ਤੂੰ ਮੈਂ ਦੇ ਫ਼ਰਕ ਸਭ, ਹੋਂਦੇ ਆਪੇ ਦੂਰ।
ਹਰ ਇਕ ਦੇ ਵਿਚ ਹਰ ਤਰਫ਼, ਦਿਸਦਾ ਹਰੀ ਦਾ ਨੂਰ।
ਸਮਝ ਲਈ ਜਿਸ ਆਤਮਾ, ਪਰਮਾਤਮਾ ਲਿਆ ਪਛਾਨ।
ਸੁਖ ਸ਼ਾਂਤੀ ਤੇ ਟਿਕਾਉ ਦਾ, ਨਸ਼ਾ ਲਿਆ ਮਹਾਨ।
ਗੁਰੂ ਨਾਨਕ ਦਾ ਹੈ ਫ਼ਲਸਫ਼ਾ 'ਨੀਰ' ਨਾਮ-ਅਹਾਰ।
ਘਰ ਦੇ ਅੰਦਰ ਹਰੀ ਹੈ, ਬਾਹਰ ਭਰੀ ਭੰਗਾਰ।

## ਬਲਿਹਾਰੀ ਕੁਦਰਤਿ ਵਸਿਆ

ਹੋਂਦ ਪ੍ਰਭੂ ਦੀ ਹਰ ਦੇ ਅੰਦਰ, ਹਰ ਇਕ ਵਿਚ ਉਹ ਵਸੇ।
ਹਰ ਦਿਲ ਵਿਚ ਲਿਸ਼ਕਾਰਾ ਉਸਦਾ, ਹਰ ਵਕਤ ਪਿਆ ਲਸੇ।
ਉਹਦੇ ਤਾਈਂ ਪਾਵਣ ਲਈ ਪਰ, ਮੇਹਨਤ ਚਾਹੀਏ ਭਾਰੀ।
ਸਕਦੀ ਕੁਝ ਸੰਵਾਰ ਜ਼ਰਾ ਨ, ਕਰਮ-ਕਾਂਡ ਦੀ ਧਾਰੀ।
ਮਨ ਆਪਣੇ ਨੂੰ ਖੋਜੇ ਜਿਹੜਾ, ਉਹੀ ਉਸਨੂੰ ਪਾਵੇ।
ਨਾਲ ਲਗਨ ਦੇ ਤੁਰਦਾ ਜਿਹੜਾ, ਸਿਖਰਾਂ ਨੂੰ ਛੋਹ ਜਾਵੇ।
ਸੇਵਾ ਤਿਆਗ ਕੁਰਬਾਨੀ ਸਿਮਰਨ, ਸੱਚ ਤੇ ਹੈ ਨਿਬੇੜਾ।
ਰਸਮੀ ਪੂਜਾ ਪਾਠ ਸੁੱਚ ਸੰਜਮ, ਹਉਮੈ ਦਾ ਬਖੇੜਾ।
ਬਰੀਕ ਖੰਡੇ ਦੀ ਧਾਰ ਤੋਂ ਮਨਜ਼ਲ ਕਠਨ ਬੜੀ ਹੈ ਭਾਰੀ।
ਛਡ ਕੇ ਭਰਮ-ਭੁਲੇਖੇ ਕਰਨੀ, ਸੱਚ ਅਸਲ ਦੀ ਦਾਰੀ।
ਕੁਦਰਤ ਵਿਚ ਕਾਦਰ ਹੈ ਮਿਲਦਾ, ਕਾਦਰ ਕੁਦਰਤ ਇਕੋ।
ਦੂਜੀਆਂ ਲਾਹ ਕੇ ਆਸਾਂ ਸਭੇ, ਸਿਰਫ਼ ਕਾਦਰ ਤੇ ਟਿਕੋ।
ਇਹੋ ਫ਼ਲਸਫ਼ਾ ਦਸ ਕੇ ਜੱਗ ਤੇ, ਕੀਤੀ ਆਪ ਕਮਾਈ।
ਤਾਂ ਫੁਲਵਾੜੀ ਸਿੱਖੀ ਦੀ, ਗੁਰੂ ਨਾਨਕ ਨੇ ਲਾਈ।
ਮੜ੍ਹਾਂ ਚਾਰੀਆਂ ਹੱਟ ਚਲਾਏ, ਸੌਦੇ ਕੀਤੇ ਸੱਚ ਦੇ।
ਹਥੀਂ ਕਾਰ ਤੇ ਸੇਵਾ ਕੀਤੀ, ਗ੍ਰਿਹਸਤ ਦੇ ਅੰਦਰ ਰੱਚ ਕੇ।
ਨਹੀਂ ਦਿਖਾਏ ਸਬਜ਼ ਬਾਗ ਕੋਈ, ਨਹੀਂ ਕੋਈ ਲਾਏ ਲਾਰੇ।
ਨ ਹੀ ਨਾਲ ਸਫ਼ਾਰਸ਼ਾਂ ਹੁੰਦੇ, ਦਸੇ ਪ੍ਰਭੂ-ਨਜ਼ਾਰੇ।
ਸਭਨਾਂ ਲਈ ਖੁਲ੍ਹਾ ਰਸਤਾ, ਸੇਵਾ ਤਿਆਗ ਕੁਰਬਾਨੀ।
ਅਮਲੀ ਜੀਵਨ ਜੀਂਦਿਆਂ ਹੀ, ਹੈ ਮਿਲਦੀ ਮਿਹਰ ਰਬਾਣੀ।
ਜੰਗਲਾਂ ਬੇਲਿਆਂ ਦੇ ਵਿਚ ਨਹੀਂ ਹੈ, ਮਨ ਦਾ ਅਸਲ ਟਿਕਾਣਾ।
ਦੁਨੀਆ ਵਿਚ ਹੀ ਵਿਚਰਦੇ ਹੋਏ, ਪਾਈਏ ਪਦ ਨਿਰਬਾਣਾ।
ਕੁਦਰਤ ਦਾ ਕਾਨੂੰਨ ਸਭਨਾਂ ਲਈ, ਕੀ ਚੰਗਾ ਕੀ ਮੰਦਾ।
ਮੰਨ ਕੇ ਰਜ਼ਾ ਰਾਜ਼ਕ ਸੰਗ, ਇਕ-ਸੁਰ ਹੁੰਦਾ ਬੰਦਾ।
ਹਰ ਮਨੁਖ ਹੈ ਧਰਮੀ ਬਣਦਾ, ਧਰਮ ਦੇ ਰਸਤੇ ਚਲ ਕੇ।
ਮਾਰਨ ਜਿਹੜੇ ਅੰਦਰ ਝਾਤੀ, ਉਹੀ ਪਾਂਦੇ ਝਲਕੇ।
ਹਰ ਮਨੁਖ ਦੇ ਅਪਣੇ ਅੰਦਰ, ਹਰੀ ਆਪ ਹੈ ਵਸਦਾ।
ਆਤਮਾ ਚੋਂ ਪਰਮਾਤਮਾ ਲਭੇ, ਸੌਖਾ ਰਾਹ ਸਰਸਦਾ।
ਧਰਮ ਵਿਰਾਸਤ ਤਪੀਆਂ ਨ ਵਿਦਵਾਨਾਂ ਦੀ ਹੋਵੇ;
ਨ ਹੀ ਦਾਨੀਆਂ ਧਨੀਆਂ ਦੀ ਬੁਕਲਾਂ ਵਿਚ ਸਮੋਵੇ।
ਧਰਮੀ ਜੀਵਨ ਜੀ ਕੇ ਬੰਦਾ, ਧਰਮੀ ਹੈ ਬਣ ਸਕੇ।
ਆਤਮ-ਬਲ ਦੇ ਨਾਲ ਮਨੁਖ ਹਰ ਸੱਚ ਅਟੱਲ ਜਿਣ ਸਕੇ।
ਚਕਰ ਚਿਹਨ ਨ ਰੱਬ ਦਾ ਕੋਈ, ਰੂਪ ਰੇਖ ਨ ਨਾਂਅ।
ਸਿਮਰਨ ਤਿਆਗ 'ਨੀਰ' ਅਪੜਾਂਦੇ, ਪੂਰਨ ਪੁਰਖ ਦੀ ਥਾਂ।

www.AKJ.Org

# ਸਿੱਖੀ ਦਾ ਬੂਟਾ

[ਗਿ: ਗੋਪਾਲ ਸਿੰਘ 'ਮਿੱਤਰ' ੩੪੦/੪ ਰਾਮ ਨਗਰ, ਗੁੜਗਾਉਂ]

ਸੋਹਣਾ ਬੂਟਾ ਇਹ ਸਦਾ-ਗੁਲਾਬ ਦਾ ਏ, ਪਿੰਡੀਂ ਸ਼ਹਿਰੀਂ ਜੋ ਹਰ ਥਾਂ ਪਲਦਾ ਏ।
ਵਧਣ ਫੁਲਣ ਲਈ ਇਹ ਸੰਸਾਰ ਅੰਦਰ, ਤੇਗਾਂ ਆਰਿਆਂ ਦੀ ਛਾਂ ਮਲਦਾ ਏ।
ਚਲਦੀ ਚਰਖੀਆਂ, ਬਲਦੀਆਂ ਭਠੀਆਂ ਵਿਚ, ਜੋਬਨ ਏਸ ਦਾ ਲਟ ਲਟ ਬਲਦਾ ਏ।
ਅੱਖ ਵੈਰੀਆਂ ਦੀ ਅੰਦਰ ਰੜਕਦਾ ਏ, ਬਣ ਕੇ ਤੇਗ ਤਿੱਖੀ ਸੀਨੇ ਸਲਦਾ ਏ।
ਇਕ ਵਾਰ ਇਹ ਜਿੱਥੇ ਵੀ ਜੰਮਦਾ ਏ, ਕੌੜੀ ਵੇਲ ਵਾਂਗੂ ਵਧਦਾ ਫੁਲਦਾ ਏ।
ਇਕ ਇਕ ਫੁਲ ਏਹਦਾ ਏਡਾ ਕੀਮਤੀ ਏ, ਸੁਅਰਗ ਰਾਜ ਵੀ ਨਾ ਜਿਸ ਦੇ ਤੁਲ ਦਾ ਏ।
ਏਸ ਬੂਟੇ ਨੂੰ ਭਾਨੀ ਦੇ ਲਾਡਲੇ ਨੇ, ਖ਼ੂਨ ਆਪਣਾ ਸਿੰਜ ਕੇ ਪਾਲਿਆ ਏ।
ਗੁਜਰੀ-ਕੰਤ ਨੇ ਸੀਸ ਦੀ ਬਲੀ ਦੇ ਕੇ, ਇਹ ਦੀ ਸ਼ਾਨ ਨੂੰ ਰੱਖ ਵਿਖਾਲਿਆ ਏ।
ਦਸਮ ਪਿਤਾ ਨੇ ਵਾਰ ਪਰਵਾਰ ਸਾਰਾ, ਇਹਨੂੰ ਵੈਰੀਆਂ ਕੋਲੋਂ ਬਚਾ ਲਿਆ ਏ।
ਰਖਿਆ ਇਹਦੀ ਲਈ ਤਾਰੂ ਸਿੰਘ ਵਰਗਿਆਂ ਨੇ, ਸੀਸ ਰੰਬੀਆਂ ਨਾਲ ਕਟਵਾ ਲਿਆ ਏ।
ਝੱਖੜ ਝੇਲਿਆਂ ਕੋਲੋਂ ਬਚਾਣ ਖ਼ਾਤਰ, ਜਿੰਦਾ ਏਸ ਤੋਂ ਸੈਂਕੜੇ ਵਾਰ ਗਏ ਨੇ।
ਇਹਦੀ ਬੇੜੀ ਦੇ 'ਮਿੱਤਰ' ਮਲੱਾਹ ਬਣ ਕੇ, ਕੱਢ ਲਹਿਰਾਂ ਚੋਂ ਕਰ ਪਾਰ ਗਏ ਨੇ।
ਲਿਆ ਸਾਹ ਜਿਨ੍ਹਾਂ ਇਹਦੀ ਛਾਂ ਹੇਠਾਂ, ਸੜੇ ਸ਼ਮ੍ਹਾਂ ਤੇ ਵਾਂਗ ਪਰਵਾਨਿਆਂ ਦੇ।
ਗਡੀਆਂ ਚਲਦੀਆਂ ਦੇ ਅੱਗੇ ਹਸ ਹਸ ਕੇ, ਗਏ ਦੌੜਦੇ ਵਾਂਗ ਦੀਵਾਨਿਆਂ ਦੇ।
ਇਹਦੀ ਆਨ ਤੇ ਸ਼ਾਨ ਦੀ ਕਾਇਮੀ ਲਈ, ਬੱਧੇ ਸ਼ਗਨ ਉਨ੍ਹਾਂ ਮੌਤ-ਗਾਨਿਆਂ ਦੇ।
ਇਹਦੀ ਹੋਂਦ ਖ਼ਾਤਰ ਜਿੰਦਾਂ ਵਾਰ ਕੇ ਤੇ, ਹੀਰੋ ਬਣ ਗਏ ਕੌਮੀ ਅਫ਼ਸਾਨਿਆਂ ਦੇ।
ਲੱਗੀ ਮੁਹਰ ਸ਼ਹੀਦਾਂ ਦੇ ਖ਼ੂਨ ਦੀ ਏ, ਇਹਦੇ ਇਕ ਇਕ ਫੁੱਲ ਦੀ ਹਿੱਕ ਉੱਤੇ।
ਦੀਵੇ ਜੱਗਦੇ ਸੈਂਕੜੇ ਬੁਝ ਗਏ ਨੇ, ਇਹਦੇ ਦਰਸ-ਪਿਆਸ ਦੀ ਸਿੱਕ ਉੱਤੇ।
ਲੱਗੇ ਸੰਦਰ ਸੁਹਾਵਣੇ ਫੁੱਲ ਲੱਖਾਂ, ਏਸ ਬ੍ਰਿਛ ਦੀ ਇਕ ਇਕ ਲੜੀ ਉੱਤੇ।
ਲਾਲੀ ਖ਼ੂਨ ਸ਼ਹੀਦਾਂ ਦਾ ਭਾਸਦੀ ਏ, ਹਰ ਇਕ ਫੁੱਲ ਦੀ ਹਰੇਕ ਕਲੀ ਉੱਤੇ।
ਤੱਕ ਤੱਕ ਕੇ ਅਕਲ ਹੈਰਾਨ ਹੁੰਦੀ, ਇਹਦੇ ਕਾਰੀਗਰ ਦੀ ਕਾਰੀਗਰੀ ਉੱਤੇ।
ਜੜ੍ਹ ਏਸ ਦੀ ਜਿਨ੍ਹੇ ਪਤਾਲ ਲਾਈ, ਕੀਤੀ ਰੱਖਿਆ ਇਹ ਦੀ ਹਰ ਘੜੀ ਉੱਤੇ।
ਫਲ ਖਾਣ ਜੋ ਏਸ ਦੇ ਹੇਠ ਆਇਆ, ਅੰਮ੍ਰਿਤ-ਫਲ ਉਸ ਨੇ ਆ ਕੇ ਚੱਖਿਆ ਏ।
'ਮਿੱਤਰ' ਫ਼ਰਕ ਅਮੀਰ ਗ਼ਰੀਬ ਦਾ ਨਹੀਂ, ਕੀਤੀ ਸੱਭ ਦੀ ਏਸ ਨੇ ਰੱਖਿਆ ਏ।

---

## ਮਾਸਕ ਰੈਣ ਸਬਾਈ ਕੀਰਤਨ ਪਿੰਡ ਘਨਗਸ (ਲੁਧਿਆਣਾ) ਨੇੜੇ ਰਾੜਾ ਸਾਹਿਬ

ਮਾ: ਸਤਵੰਤ ਸਿੰਘ ਰਾਮਪੁਰ ਸੂਚਤ ਕਰਦੇ ਹਨ ਕਿ ਭਾਈ ਧਰਮ ਸਿੰਘ ਦੇ ਗ੍ਰਿਹ ਵਿਖੇ 13-8-88 ਰਾਤ ਨੂੰ ਆਇ ਜੁੜੋ ਜੀ।

## ਪਿੰਡ ਖੈੜਾ-ਦੋਨਾ (ਕਪੂਰਥਲਾ ਵਿਖੇ ਅਠਵੇਂ ਸਤਿਗੁਰੂ ਜੀ ਦਾ ਅਵਤਾਰ ਪੁਰਬ

ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦਾ ਅਵਤਾਰ ਗੁਰਪੁਰਬ ਦਾਸਾਂ ਦੇ ਗ੍ਰਿਹ ਵਿਖੇ ਮਨਾਣ ਲਈ 5 ਅਗਸਤ ਤੋਂ 7-8-88 ਐਤਵਾਰ ਤਕ ਸ੍ਰੀ ਅਖੰਡਪਾਠ ਹੋਣੇ ਹਨ ਅਤੇ ਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਕੀਰਤਨ ਵਿਚ ਆਇ ਜੁੜੋ ਜੀ।

ਦਾਸ—ਤਾਰਾ ਸਿੰਘ ਹੈਡਮਾਸਟਰ, ਗੌਰਮਿੰਟ ਹਾਈ ਸਕੂਲ, ਖੈੜਾ ਦੋਨਾ (ਕਪੂਰਥਲਾ)

## ਮੋਗਾ ਵਿਖੇ 21-8-88 ਐਤਵਾਰ ਨੂੰ ਸਵੇਰੇ 6 ਤੋਂ 10 ਤਕ ਕੀਰਤਨ

ਭਾਈ ਗੁਰਬਖਸ਼ ਸਿੰਘ ਦੇ ਗ੍ਰਿਹ ਨਾਜ਼ਰ ਨਿਵਾਸ ਮਕਾਨ ਨੰਬਰ 710 ਵਿਖੇ, ਅਗਵਾੜ ਕੂੰਮੀ ਕਾ ਕੀਰਤਨ ਵਿਚ ਆਇ ਜੁੜੋ ਜੀ।

www.AKJ.Org

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਹੋ ਰਹੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ

(1) 12 ਤੋਂ 14-8-88 ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਕੀਰਤਨ
ਭਾਈ ਸੋਹਨ ਸਿੰਘ ਦੇ ਗ੍ਰਿਹ 218-ਵੇਕਸਹੋਮ ਰੋਡ, ਸਲੋਅ, ਯੂ. ਕੇ. ਵਿਖੇ, ਫ਼ੋਨ 0753-34624

(2) 20-8-88 ਸ਼ਨੀਵਾਰ ਰਾਤ ਰੈਣ ਸਬਾਈ ਕੀਰਤਨ
ਗੁਰੂ ਨਾਨਕ ਗੁਰਦਵਾਰਾ, ਹਡਲੇ ਪਾਰਕ ਰੋਡ, ਹਡਲੇ, ਟੈਲਫੋਰਡ ਯੂ. ਕੇ., ਫ਼ੋਨ 0952-51734

(3) 26 ਤੋਂ 28-8-88 ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਕੀਰਤਨ (ਲੋਕਲ ਪ੍ਰੋਗਰਾਮ)
ਬੀਬੀ ਰਾਜਿੰਦਰ ਕੌਰ ਦੇ ਗ੍ਰਿਹ 149 ਲੈਂਡੋਰ ਰੋਡ, ਸਟਾਕਵੈੱਲ, ਲੰਡਨ SW9-9JE

(4) 10-9-88 ਸ਼ਨੀਵਾਰ ਰਾਤ ਰੈਣ ਸਬਾਈ ਕੀਰਤਨ, ਸੈਂਟਰਲ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ
138-ਬਾਰਕਲੇ ਸਟਰੀਟ, ਗਲਾਸਗੋ, ਫ਼ੋਨ ਗੁਰਦਵਾਰਾ 041-221-6698
ਜਾਣਕਾਰੀ ਲਈ ਭਾਈ ਗਿਆਨ ਸਿੰਘ ਫ਼ੋਨ 01-598-8971

### ਯੂ. ਕੇ. ਵਿਚ ਆਪਣੇ ਬਕਾਏ ਅਤੇ ਚੰਦੇ ਜਮ੍ਹਾਂ ਕਰਾਓ

S. Gurnam Singh, 10 Lambourne Gardens, Early, Reading, Berks. U.K.

## ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਇਸ ਮਹੀਨੇ ਸਿਖ ਸੰਗਤਾਂ ਵਲੋਂ ਗੁਰਸਿਖ ਪਰਵਾਰਾਂ ਲਈ ਪੁਜੀ ਮਾਇਆ—

| | | | |
|---|---|---|---|
| JWO ਤੇਜਿੰਦਰ ਸਿੰਘ, ਮਦਰਾਸ | ੧੦੦-੦੦ | ਸਾਧ ਸੰਗਤ ਗ: ਸਿਖ ਸੰਗਤ ਲੰਡਨ ਈਸਟ | ੨੬੮੮-੪੦ |
| ਭਾਈ ਨਿਰੰਜਨ ਸਿੰਘ ਮੁੰਦਰਾ, ਡਰਬੀ ਯੂ. ਕੇ. | ੨੦੦੦-੦੦ | ਭਾਈ ਮਲਕੀਅਤ ਸਿੰਘ ਸਲੋਅ ਯੂ.ਕੇ. | ੨੪੪-੩੦ |
| ਸ: ਮਲਕੀਅਤ ਸਿੰਘ, ਸਲੋਅ, ,, | ੨੫੦-੦੦ | ਕਾ: ਤੇਜਾ ਸਿੰਘ, ਨੇੜਾਲਾ (ਲੁਧਿਆਣਾ) | ੨੫੦-੦੦ |
| ਸੰਗਤ ਗ: ਗੁਰੂ ਗੋਬਿੰਦ ਸਿੰਘ, ਬ੍ਰੈਡਫੋਰਡ ,, | ੧੨੭੫-੦੦ | ਸ: ਕਲਵੰਤ ਸਿੰਘ, ਚੰਡੀਗੜ੍ਹ | ੩੦-੦੦ |
| ਭਾਈ ਓਅੰਕਾਰ ਸਿੰਘ, ਲਿਸਿਸਟਰ ,, | ੨੫੦੦-੦੦ | ਸ: ਚਰਨਜੀਤ ਸਿੰਘ ਬਨਾਰਸ ਵਾਲੇ, ਅੰਮ੍ਰਿਤਸਰ | ੩੦-੦੦ |
| ਇੰਟਰਨੈਸ਼ਨਲ ਸਿਖ ਸੁਸਾਇਟੀ ਯੂ.ਕੇ. | | ਸ: ਪ੍ਰਦੋਮਨ ਸਿੰਘ, ਸ਼ਿਵ ਨਗਰ, ਜਲੰਧਰ | ੧੦੦-੦੦ |
| 6 ਪੀੜਤ ਪ੍ਰਵਾਰਾਂ ਨੂੰ ਮਾਸਕ ਸਹੈਤਾ ਲਈ | ੧੨੮੨੫-੦੦ | ਬੀ: ਦਵਿੰਦਰ ਕੌਰ, ਅੰਮ੍ਰਿਤਸਰ | ੧੦੦-੦੦ |
| ਸ: ਕੇਵਲ ਸਿੰਘ ਸਲੋਅ ਯੂ.ਕੇ. | ੬੨੫-੦੦ | ਸ: ਕੁਲਦੀਪ ਸਿੰਘ ਵੈਸਟ ਬ੍ਰਾਹਮਵਿਚ ਯੂ. ਕੇ. | ੪੬੪੩-੫੦ |
| ਸ: ਟੀ. ਐਸ. ਚੌਹਾਨ ਸਲੋਅ ਯੂ.ਕੇ. | ੬੨੫-੦੦ | ਸ: ਗੁਰਨਾਮ ਸਿੰਘ, ਰੈਡਿੰਗ ਯੂ. ਕੇ. | ੧੨੨੨-੦੦ |
| ਬੀ: ਬਲਜੀਤ ਕੌਰ ਸਲੋਅ, ਯੂ.ਕੇ. | ੫੨੫-੦੦ | ਬੀ: ਮਨਮੋਹਨ ਕੌਰ, ਲਮਿੰਗਟਨ ਸਪਾ ਯੂ.ਕੇ. | ੩੦੫੫-੦੦ |
| ਬੀ: ਦਰਸ਼ਨ ਕੌਰ ,, ,, | ੧੨੫-੦੦ | ਬੀ: ਗੁਰਦੇਵ ਕੌਰ, ਸਲੋਅ ,, | ੧੨੨-੨੦ |
| ਸ: ਗੁਰਬਖਸ਼ ਸਿੰਘ ,, ,, | ੫੦੦-੦੦ | ਸ: ਕਸ਼ਮੀਰ ਸਿੰਘ, ਸਲੋਅ ,, | ੨੪੪੪-੦੦ |
| ਬੀ: ਕੰਵਲਜੀਤ ਕੌਰ ,, ,, | ੧੫੦੦-੦੦ | ਸ: ਮਹਿੰਦਰਜੀਤ ਸਿੰਘ, ਅੰਮ੍ਰਿਤਸਰ | ੫੦-੦੦ |
| ਸ: ਬੇਅੰਤ ਸਿੰਘ ਗਰੇਵਾਲ ਯੂ.ਕੇ. | ੧੨੫੦-੦੦ | ਸ:ਦਲਜੀਤਸਿੰਘ,ਸੁਰਿੰਦਰਕੌਰ ਅਲਮਿੰਗਟਨ ਅਮ੍ਰੀਕਾ | ੩੪੦੦-੦੦ |
| ਗੁਪਤ | ੧੦੦੦-੦੦ | ਗੁਪਤ | ੧੦੦-੦੦ |
| ਸ: ਇਕਬਾਲ ਸਿੰਘ ਗਿਲ ਵੈਨਕੋਵਰ | ੧੦੦-੦੦ | ਸ: ਦਵਿੰਦਰ ਸਿੰਘ, ਅਜੀਤ ਨਗਰ, ਅੰਮ੍ਰਿਤਸਰ | ੧੦੦-੦੦ |

## ਗੁਰਸਿਖ ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

ਜਿਨ੍ਹਾਂ ਦੇ ਪਰਵਾਰਾਂ ਦੇ ਕਮਾਊ ਮੈਂਬਰ ਜਾਂ ਮਾਰੇ ਗਏ ਹਨ, ਜਾਂ 'ਨੀਲਾ ਤਾਰਾ ਅਪ੍ਰੇਸ਼ਨ' ਸਮੇਂ ਲਾਪਤਾ ਹਨ, ਉਨ੍ਹਾਂ ਦੀਆਂ ਪਰਵਾਰਕ ਲੋੜਾਂ ਅਤੇ ਬੱਚਿਆਂ ਦੀ ਪੜ੍ਹਾਈ ਆਦਿ ਲਈ, ਹੇਠ ਲਿਖੀ ਮਦਦ ਦਿਤੀ ਗਈ—

ਮਾਸਕ ਸਹਾਇਤਾ ਪੰਜ ਪੀੜਤ ਪਰਵਾਰਾਂ ਨੂੰ ਬੈਂਕ ਰਾਹੀਂ 1500-00

ਬੀ: ਗੁਰਬਚਨਕੌਰ w/o ਭਾ:ਜਗੀਰ ਸਿੰਘ ਫਗਵਾੜਾ (ਪੁਲਸ ਤਸ਼ੱਦਦ ਕਾਰਨ ਇਲਾਜ ਤੇ ਘਰੋਗੀ ਖਰਚੇ ਲਈ 5000-00

ਵਾਪਸ 5000-00 ਬੀ: ਰਾਜਕੌਰ ਪੁਤਰੀ ਭਾ: ਜੋਧ ਸਿੰਘ, ਪਿੰਡ ਜੋਧ ਸਿੰਘ ਵਾਲਾ, ਜੂਨ ਸੂਰਾ ਅਨੁਸਾਰ

,, 5000-00 ਬੀ: ਜਸਬੀਰ ਕੌਰ ਸਪਤਨੀ ਭਾ ਨਰਿੰਦਰਪਾਲ ਸਿੰਘ ਪਟਿਆਲਾ ਅਪ੍ਰੈਲ ਸੂਰਾ ,,

,, 5000-00 ਪਿਛਲੇ ਮਹੀਨੇ ਪੁਜੀ ਪਟਿਆਲੋਂ ਤੋਂ ਬੀ: ਬਲਦੇਵਕੌਰ ਮਾਤਾ ਭਜਨਬੀਰ ਸਿੰਘ ਅਪ੍ਰੈਲ ਸੂਰਾ ਅਨੁਸਾਰ

**ਸ਼ਹੀਦ ਗੰਜ ਅਸਥਾਨ**—ਬੀ ਬਲਾਕ ਕੁਆਟਰਜ਼ ਅੰਮ੍ਰਿਤਸਰ ਇਮਾਰਤ ਲਈ ਰਕਮਾਂ "ਪੰਜ ਮੈਂਬਰੀ ਕਮੇਟੀ" ਦੇ ਨਾਮ ਭੇਜੋ, ਸੂਰਾ ਦੇ ਨਾਮ ਜਾਂ ਹੋਰ ਕਿਸੇ ਨਾਮ ਤੇ ਨਾ ਭੇਜੋ।

ਮਨੀਆਰਡਰ ਤੇ ਬੈਂਕ ਡਰਾਫਟ ਆਦਿ ਭੇਜਣ ਦਾ ਪਤਾ

**Sura Monthly, Bazar Mai Sewan, Amritsar.**

www.AKJ.Org